# ਆਰਸੀ

ਵੀਕਲੀ

Publication of CP Media Group

Issue 03 | Saturday, August 22 2015 | Tel: 905 793 2202 | Fax: 905 793 2282 | Email: aarsee@punjabipost.ca


# ‘ਲਾਈਫ ਮੀਨਸ ਲਾਈਫ’ ਬਿੱਲ ਨੂੰ ਮੁੜ ਤੋਂ ਲਿਆਉਣ ਬਾਰੇ ਹਾਰਪਰ ਦਾ ਪ੍ਰਣ

ਟੋਰਾਂਟੋ (ਪੋਸਟ ਬਿਊਰੋ) : ਸਟੀਫਨ ਹਾਰਪਰ ਵਲੋਂ ਮੰਗਲਵਾਰ ਨੂੰ ਇਕ ਵਾਰ ਫੇਰ ਚੋਣ ਮੁਹਿੰਮ ਦੇ ਮੁੱਖ ਮੁੱਦੇ ਵਜੋਂ ਅਪਰਾਧਿਕ ਗਤਿਵਿਧੀਆਂ ਪ੍ਰਤੀ ਸਖ਼ਤਾਈ ਵੱਲ ਨੂੰ ਮੋੜਿਆ ਗਿਆ ਹੈ।

ਬੀਤੇ ਹਫ਼ਤੇ ਬਹੁਤਾ ਸਮਾਂ ਮਾਈਕ ਡਫੀ ਦੇ ਮਾਮਲਿਆਂ ਵਿਚ ਘਿਰੇ ਰਹੇ ਸਟੀਫਨ ਹਾਰਪਰ ਨੇ ਕਿਹਾ ਹੈ ਕਿ ਅਗਰ ਉਹ ਮੁੜ ਸੱਤਾ ਵਿਚ ਆਉਂਦੇ ਹਨ ਤਾਂ ਉਹ “ਲਾਈਫ਼ ਮੀਨਸ ਲਾਈਫ਼” ਬਿਲ ਨੂੰ ਮੁੜ ਕੇ ਲਿਆਉਣਗੇ ਜੋ ਕਿ ਚੋਣਾਂ ਘੋਸ਼ਿਤ ਹੋ ਜਾਣ ਕਾਰਣ ਖਤਮ ਕਰਨਾ ਪਿਆ ਸੀ।




ਟੋਰਾਂਟੋ ਈਟੋਬੀਕੋ ਸੈਂਟਰ ਹਲਕੇ ਵਿਚ ਇਕ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਕੈਨੇਡੀਅਨ ਲੋਕਾਂ ਨੂੰ ਅਪਰਾਧਿਕ ਬਿਰਤੀ ਦੇ ਲੋਕਾਂ ਤੋਂ ਬਚਾਉਣ ਦੀ ਸਖਤ ਜਰੂਰਤ ਹੈ।

ਇਸ ਮੌਕੇ ਤੇ ਸ਼ੈਰਨ ਰੋਸਨਫੀਲਡ ਵੀ ਮੌਜੂਦ ਸਨ, ਜਿਸ ਵਲੋਂ ‘ਵਿਕਟਮ ਆਫ਼ ਵਾਇਲੰਸ’ ਨਾਮਕ ਸੰਸਥਾਂ ਨੂੰ ਚਲਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਰੋਸਨਫੀਲਡ ਦੇ ਲੜਕੇ ਨੂੰ ਕਲਿਫੋਰਡ ਓਲਸਨ ਵਲੋਂ ਮਾਰ ਦਿਤਾ ਗਿਆ ਸੀ। ਉਨ੍ਹਾਂ ਕਿਹਾ ਕਿ ਜਦੋਂ ਸਾਡੇ ਲੜਕੇ ਦਾ ਕਤਲ ਹੋਇਆ ਤਾਂ ਨਾਲ ਹੀ ਸਾਨੂੰ ਜਿੰਦਗੀ ਭਰ ਲਈ ਸਜ਼ਾ ਮਿਲ ਗਈ।

ਕੰਸਰਵੇਟਿਵ ਸਰਕਾਰ ਵਲੋਂ ਇਸ ਬਿੱਲ ਨੂੰ ਇਸ ਸਾਲ ਪੇਸ਼ ਕੀਤਾ ਗਿਆ ਸੀ ਅਤੇ ਇਸ ਵਿਚ ਕ੍ਰਿਮੀਨਲ ਕੋਡ ਨੂੰ ਤਬਦੀਲ ਕਰਨ ਦਾ ਪ੍ਰਸਤਾਵ ਸੀ ਜਿਸ ਵਿਚ ਘਿਨਾਉਣੇ ਜ਼ੁਰਮਾਂ ਅਤੇ ਦੇਸ਼ ਧਰੋਹ ਵਰਗੀਆਂ ਅਪਰਾਧਿਕ ਗਤਿਵਿਧੀਆਂ ਕਾਰਣ ਸਜਾਯਾਫ਼ਤਾ ਲੋਕਾਂ ਨੂੰ ਜਿੰਦਗੀ ਭਰ ਲਈ ਜੇਲ ਵਿਚ ਰੱਖਣ ਦਾ ਪ੍ਰਸਤਾਵ ਸ਼ਾਮਲ ਸੀ। ਕੰਸਰਵੇਟਿਵ ਪਾਰਟੀ ਦਾ ਕਹਿਣਾ ਹੈ ਕਿ ਇਸ ਬਿੱਲ ਵਿਚ ਜਿਨਸੀ ਛੇੜਛਾੜ ਅਤੇ ਕਤਲ, ਅਗਵਾਹ, ਅਤਿਵਾਦੀ ਗਤਿਵਿਧੀਆਂ ਅਤੇ ਪੁਲੀਸ ਜਾਂ ਕਰੈਕਸ਼ਨਲ ਪੁਲੀਸ ਅਫ਼ਸਰਾਂ ਨੂੰ ਮਾਰਨ ਸੰਬੰਧੀ ਵਿਖਿਆਨ ਵੀ ਸ਼ਾਮਲ ਹੈ।

ਹਾਰਪਰ ਦੇ ਟੋਰਾਂਟੋ ਪ੍ਰੋਗਰਾਮ ਵਿਚ ਕੁੱਝ ਵਿਘਨ ਵੀ ਪਿਆ ਜਦੋਂ ਪਤਰਕਾਰਾਂ ਵਲੋਂ ਹਾਰਪਰ ਨੂੰ ਡਫੀ ਬਾਰੇ ਪ੍ਰਸ਼ਨ ਕੀਤੇ ਗਏ, ਇਸ ਤੇ ਇੱਕ ਕੰਸਰਵੇਟਿਵ ਸਮਰਥਕ ਵਲੋਂ ਮੌਜੂਦਾ ਮੁੱਦੇ ਤੇ ਪ੍ਰਸ਼ਨ ਕਰਨ ਲਈ ਕਿਹਾ। ਜ਼ਿਕਰਯੋਗ ਹੈ ਕਿ ਇਸ ਹਫਤੇ ਹਾਰਪਰ ਨੂੰ ਸਿਰਫ਼ ਡਫੀ ਮਾਮਲੇ ਵਿਚ ਹੀ ਪ੍ਰਸ਼ਨ ਕੀਤੇ ਜਾ ਰਹੇ ਹਨ। ਇਸ ਵਿਵਾਦਗ੍ਰਸਤ ਮਾਮਲੇ ਵਿਚ ਡਫੀ ਤੇ ਲੱਗੇ 31 ਧੋਖਾਧੜੀ ਅਤੇ ਰਿਸ਼ਵਤ ਮਾਮਲਿਆਂ ਵਿਚ ਡੱਫੀ ਨੇ ਆਪਣੇ ਆਪ ਨੂੰ ਨਿਰਦੋਸ਼ ਦਸਿਆ ਹੈ।


### ਨਵੇਂ ਸੀ.ਈ.ਓ.ਦੀ ਨਿਯੁਕਤੀ




### ਮਿਲਟਰੀ ਰਿਜ਼ਰਵਸ ਵਿਚ ਵਾਧਾ




### ਵਿਲੱਖਣ ਸ਼ਖ਼ਸੀਅਤ ਮਾਰਟਿਨ ਸਿੰਘ





## ਸਾਫ਼ ਤਕਨਾਲਜੀ ਵਿਚ ਨਿਵੇਸ਼ ਸਮੇਂ ਦੀ ਜ਼ਰੂਰਤ : ਟਰੂਡੋ

ਸਡਬਰੀ (ਪੋਸਟ ਬਿਊਰੋ) : ਲਿਬਰਲ ਚੋਣ ਮੁਹਿੰਮ ਵਿਚ ਅੱਜ ਸਡਬਰੀ ਵਿਚ ਬੋਲਦਿਆਂ ਜਸਟਿਨ ਟਰੂਡੋ ਨੇ ਕਿਹਾ ਕਿ ਲਿਬਰਲ ਸਰਕਾਰ ਰੁਜ਼ਗਾਰ ਦੇ ਮੌਕੇ ਵਧਾਉਣ ਲਈ ਸਾਫ਼ ਤਕਨਾਲੋਜੀ ਵਿਚ ਕਈ ਮਿਲੀਅਨ ਡਾਲਰ ਦਾ ਨਿਵੇਸ਼ ਕਰੇਗੀ। ਨਾਰਥ ਉਂਟੇਰੀਓ ਵਿਚ ਆਪਣੀ ਚੋਣ ਮੁਹਿੰਮ ਦੌਰਾਨ ਟਰੂਡੋ ਨੇ ਲੌਰੇਂਸ਼ੀਅਲ ਯੂਨੀਵਰਸਿਟੀ ਰਿਸਰਚ ਇੰਸਟੀਚੂਅਟ ਵਿਖੇ ਬੋਲਦਿਆਂ ਵਿਕਾਸ ਦਰ ਤੇ ਆਪਣੀ ਵਚਨਬੱਧਤਾ ਨੂੰ ਦੋਹਰਾਇਆ ਹੈ। ਉਨ੍ਹਾਂ ਕਿਹਾ ਕਿ ਲਿਬਰਲ ਸਰਕਾਰ ਸ਼ੁਧ ਤਕਨਾਲੋਜੀ ਵਿਕਸਤ ਕਰਨ ਲਈ ਹਰ ਸਾਲ 200 ਮਿਲੀਅਨ ਡਾਲਰ ਜੰਗਲਾਤ, ਮੱਛੀ ਪਾਲਣ, ਮਾਈਨਿੰਗ, ਊਰਜਾ ਅਤੇ ਖੇਤੀ ਦੇ ਖੇਤਰ ਵਿਚ ਖਰਚ ਕਰੇਗੀ।




ਟਰੂਡੋ ਨੇ ਕਿਹਾ ਕਿ ਇਸ ਯੋਜਨਾ ਨਾਲ ਨਾ ਸਿਰਫ਼ ਆਰਥਿਕ ਵਿਕਾਸ ਦਰ ਉਤਸ਼ਾਹਿਤ ਹੋਵੇਗੀ ਬਲਕਿ ਵਾਤਾਵਰਣ ਦੇ ਦਰਪੇਸ਼ ਚੁਣੌਤੀਆਂ ਦਾ ਵੀ ਹੱਲ ਸੰਭਵ ਹੋ ਸਕੇਗਾ। ਉਨ੍ਹਾਂ ਕਿਹਾ ਕਿ ਵਾਤਾਵਰਣ ਅਤੇ ਆਰਥਿਕਤਾ ਦੋਵੇਂ ਇਕੱਠਾ ਚਲਦੇ ਹਨ ਅਤੇ ਦੋਵਾਂ ਦੇ ਆਪਸੀ ਤਾਲ ਮੇਲ ਨਾਲ ਤੁਸੀਂ ਇਨ੍ਹਾਂ ਨੂੰ ਜਿਥੇ ਮਰਜ਼ੀ ਲਿਜਾ ਸਕਦੇ ਹੋ। ਟਰੂਡੋ ਨੇ ਕਿਹਾ ਕਿ ਹੁਣ ਨਿੱਜੀ ਖੇਤਰ, ਸੂਬਾਈ ਅਤੇ ਖੇਤਰੀ ਸਰਕਾਰਾਂ ਨੂੰ ਖੋਜ ਅਦਾਰਿਆਂ ਨਾਲ ਰੱਲ ਕੇ ਨਿਵੇਸ਼ ਕਰਨ ਦੀ ਲੋੜ ਹੈ ਤਾਂ ਜੋ ਟਿਕਾਊ ਵਿਕਾਸ ਨਿਸ਼ਚਿਤ ਕੀਤਾ ਜਾ ਸਕੇ।

ਇਸ 200 ਮਿਲੀਅਨ ਤੋਂ ਇਲਾਵਾ ਹੋਰ ਵਾਧੂ ਫੰਡ ਵੀ ਮੁਹੱਈਆ ਕਰਵਾਏ ਜਾਣਗੇ ਤਾਂ ਜੋ ਸਾਫ਼ ਤਕਨੀਕ ਉਤਪਾਦ ਦੀਆਂ ਵਸਤਾਂ ਦੀ ਮਾਰਕਿਟਿੰਗ ਵੀ ਕੀਤੀ ਜਾ ਸਕੇ।

ਉਨ੍ਹਾਂ ਕਿਹਾ ਕਿ ਲਿਬਰਲ ਪਾਰਟੀ 100 ਮਿਲੀਅਨ ਡਾਲਰ ਹੋਰ ਵਾਧੂ ਉਨ੍ਹਾਂ ਅਧਾਰਿਆ ਤੇ ਖਰਚੇਗੀ ਜੋ ਕਿ ਇਸ ਤਕਨੀਕ ਦਾ ਸਮਰਥਨ ਕਰਨਗੀਆਂ। ਇਸ ਯੋਜਨਾ ਨਾਲ ਕਈ ਚੰਗੇ ਰੁਜ਼ਗਾਰ ਪੈਦਾ ਹੋਣਗੇ ਅਤੇ ਪ੍ਰਦੂਸ਼ਣ ਘਟੇਗਾ। ਉਨ੍ਹਾਂ ਕਿਹਾ ਕਿ ਸਟੀਫਨ ਹਾਰਪਰ ਅਤੇ ਕੰਸਰਵੇਟਿਵ ਪਾਰਟੀ ਇੱਕ ਵਧੀਆਂ ਆਰਥਿਕ ਨੀਤੀ ਨੂੰ ਪੇਸ਼ ਕਰਨ ਵਿਚ ਅਸਫ਼ਲ ਰਹੇ ਹਨ ਅਤੇ ਹੁਣ ਬਦਲਾਓ ਦੀ ਲੋੜ ਹੈ ।

ਉਨ੍ਹਾਂ ਕਿਹਾ ਕਿ ਪਿਛਲੇ 10 ਸਾਲਾਂ ਵਿਚ ਸੰਸਾਰ ਬਦਲ ਗਿਆ ਹੈ ਪਰ ਹਾਰਪਰ ਅਤੇ ਕੰਸਰਵੇਟਿਵ ਸਰਕਾਰ ਵਿਚ ਕੋਈ ਬਦਲਾਓ ਨਹੀਂ ਆਇਆ। ਉਨ੍ਹਾਂ ਕਿਹਾ ਕਿ ਕੰਸਰਵੇਟਿਵ ਪਾਰਟੀ ਦੀ ਯੋਜਨਾ ਫੇਲ ਰਹੀ ਹੈ ਅਤੇ ਉਨ੍ਹਾਂ ਕੋਲ ਕੋਈ ਨਵੇਕਲੀ ਯੋਜਨਾ ਨਹੀਂ ਹੈ ਅਤੇ ਹੁਣ ਸਾਨੂੰ ਸੱਭ ਨੂੰ ਬਦਲਾਓ ਲਈ ਹੰਭਲਾ ਮਾਰਨ ਦੀ ਲੋੜ ਹੈ।

## ਡਾ. ਗਰੌਸਮੈਨ ਨੇ ਨਵੇਂ ਸਲੇਬਸ ਨੂੰ ਨਕਾਰਿਆ

ਮਿਸੀਸਾਗਾ (ਪੋਸਟ ਬਿਊਰੋ) : ਹੋਵਾ ਅਤੇ ਕੈਨੇਡੀਅਨ ਫੈਮਿਲੀ ਅਲਾਇੰਸ ਵਲੋਂ ਆਯੋਜਿਤ ਮੰਗਲਵਾਰ ਨੂੰ ਅਮਰੀਕਾ ਦੀ ਮਾਹਰ ਡਾਕਟਰ ਮਰੀਅਮ ਗਰੌਸਮੈਨ ਦਾ ਸੈਮੀਨਾਰ ਬਹੁਤ ਹੀ ਸਫ਼ਲ ਰਿਹਾ। ਟੋਰਾਂਟੋ ਅਤੇ ਇਲਾਕੇ ਤੋਂ ਲਗਭਗ 1500 ਲੋਕਾਂ ਵਲੋਂ ਇਸ ਸੈਮੀਨਾਰ ਵਿਚ ਸ਼ਮੂਲੀਅਤ ਕੀਤੀ ਗਈ। ਇਸ ਸੈਮੀਨਾਰ ਵਿਚ ਜਿਥੇ ਚਾਈਨੀਜ਼, ਮੁਸਲਮਾਨ, ਕ੍ਰਿਸਚਨ ਅਤੇ ਹੋਰ ਭਾਈਚਾਰਿਆਂ ਵਲੋਂ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ ਗਈ ਉਥੇ ਅੱਜ ਪੰਜਾਬੀ ਭਾਈਚਾਰੇ ਵਲੋਂ ਵੀ ਇਸ ਸੈਮੀਨਾਰ ਨੂੰ ਵੱਡੀ ਪੱਧਰ ਤੇ ਸਹਿਯੋਗ ਕੀਤਾ ਗਿਆ। ਖੱਚਾ ਖੱਚ ਭਰੇ ਰੈੱਡ ਰੋਜ਼ ਕੰਨਵੈਨਸ਼ਨ ਸੈਂਟਰ ਵਿੱਚ ਜਿਉਂ ਹੀ ਹੋਵਾ ਦੇ ਪ੍ਰਧਾਨ ਅਤੇ ਕਮਿਊਨਿਟੀ ਐਕਟਿਵਿਸਟ ਜੋਤਵਿੰਦਰ ਸੋਢੀ ਨੇ ਹੋਰ ਬੁਲਾਰਿਆਂ ਨੂੰ ਲੋਕਾਂ ਦੇ ਰੂ-ਬਰੂ ਕੀਤਾ ਉਥੇ ਲੋਕਾਂ ਦਾ ਉਤਸ਼ਾਹ ਦੇਖਿਆ ਬਣਦਾ ਸੀ। ਡਾਕਟਰ ਕੂਨਰ ਵਲੋਂ ਡਾਕਟਰ ਮਰਿਅਮ ਗਰੌਸਮੈਨ ਦੀ ਜਾਣ ਪਹਿਚਾਣ ਕਰਵਾਈ ਗਈ ਅਤੇ ਉਨ੍ਹਾਂ ਨੂੰ ਸਟੇਜ ਤੇ ਆਉਣ ਲਈ ਕਿਹਾ। ਡਾਕਟਰ ਮਰਿਅਮ ਨੇ ਆਪਣੇ ਸੰਬੋਧਨ ਵਿਚ ਤਕਰੀਬਨ 1 ਘੰਟੇ ਤੱਕ ਸ੍ਰੋਤਿਆਂ ਨੂੰ ਕੀਲ ਕੇ ਰੱਖ ਦਿਤਾ ਅਤੇ ਉਂਟੇਰੀਓ ਦੇ ਪ੍ਰਸਥਾਪਿਤ ਸੈਕਸ ਸਿਲੇਬਸ ਬਾਰੇ ਵਿਸਤ੍ਰਿਤ ਜਾਣਕਾਰੀ ਮੁਹੱਈਆ ਕਰਵਾਈ। ਪਾਵਰ ਪੁਆਇੰਟ ਸਲਾਈਡਾਂ ਦੀ ਮਦਦ ਨਾਲ ਤਿਆਰ ਕੀਤੀ ਗਈ ਇਸ ਸਪੀਚ ਵਿਚ ਡਾਕਟਰ ਮਰਿਅਮ ਨੇ ਇਸ ਸਿਲੇਬਸ ਨਾਲ ਬੱਚਿਆਂ ਤੇ ਪੈਣ ਵਾਲੇ ਭੈੜੇ ਪ੍ਰਭਾਵਾਂ ਬਾਰੇ ਖੁਲ ਕੇ ਜਾਣਕਾਰੀ ਦਿਤੀ।



*... ਬਾਕੀ ਪੰਨਾ 3 ’ਤੇ*

## ਮਲਕੇਅਰ ਵਲੋਂ ਕੁਦਰਤੀ ਮੁਸੀਬਤਾਂ ਨਾਲ ਨਜਿਠਣ ਲਈ 9 ਮਿਲੀਅਨ ਡਾਲਰ ਦੇ ਫੰਡ ਦਾ ਵਾਅਦਾ

ਵੈਨਕੂਵਰ (ਪੋਸਟ ਬਿਊਰੋ) : ਐਨ ਡੀ ਪੀ ਆਗੂ ਥੌਮਸ ਮਲਕੇਅਰ ਇਨੀਂ ਦਿਨੀਂ ਬ੍ਰਿਟਿਸ਼ ਕੋਲੰਬੀਆ ਵਿਚ ਚੋਣ ਪ੍ਰਚਾਰ ਮਹਿੰਮ ਤੇ ਹਨ। ਵੈਨਕੂੰਵਰ ਵਿਚ ਇੱਕ ਸੰਬੋਧਨ ਵਿਚ ਐਨ ਡੀ ਪੀ ਆਗੂ ਨੇ ਵਾਅਦਾ ਕੀਤਾ ਕਿ ਉਹ ਕੁਦਰਤੀ ਆਫ਼ਤਾ ਬਚਾਓ ਕਾਰਜਾਂ ਲਈ 9 ਮਿਲੀਅਨ ਫੰਡ ਵਿਚ ਵਾਧਾ ਕਰਨਗੇ।



ਇਸ ਘੋਸ਼ਣਾ ਦਾ ਐਲਾਨ ਉਸ ਵਕਤ ਕੀਤਾ ਜਾ ਰਿਹਾ ਹੈ ਜਦੋਂ ਵੈਸਟਰਨ ਕੈਨੇਡਾ ਦੇ ਜੰਗਲ ਅੱਗ ਦੀ ਲਪੇਟ ਵਿਚ ਹਨ। *... ਬਾਕੀ ਪੰਨਾ 3 ’ਤੇ*

# ਕੈਨੇਡੀਅਨ ਪਰਿਵਾਰਾਂ ਦੀ ਮਦਦ ਬਣਿਆ ਫੈਡਰਲ ਆਗੂਆਂ ਦੇ ਵਾਅਦਿਆਂ ਦਾ ਕੇਂਦਰ



ਟੋਰਾਂਟੋ (ਪੋਸਟ ਬਿਊਰੋ) : ਕੰਸਰਵੇਟਿਵ ਆਗੂ ਸਟੀਫਨ ਹਾਰਪਰ ਨੇ ਵਾਅਦਾ ਕੀਤਾ ਹੈ ਕਿ ਅਗਰ ਉਹ ਮੁੜ ਸਰਕਾਰ ਬਣਾਉਂਦੇ ਹਨ ਤਾਂ ਬੱਚਿਆਂ ਨੂੰ ਅਪਨਾਉਣ ਵਾਲੇ ਪਰਿਵਾਰਾਂ ਲਈ ਟੈਕਸ ਵਿਚ ਰਿਆਇਤਾਂ ਦਿਤੀਆਂ ਜਾਣਗੀਆਂ

ਹਾਰਪਰ ਨੇ ਕਿਹਾ ਕਿ ਬੱਚਿਆਂ ਨੂੰ ਪਾਲਣ ਦੇ ਕਾਰਜ ਤੋਂ ਵੱਧ ਕੇ ਕੁੱਝ ਨਹੀਂ ਹੋ ਸਕਦਾ ਅਤੇ ਨਾ ਹੀ ਇਸ ਤੋਂ ਵੱਧ ਕੋਈ ਹੋਰ ਇਨਾਮ ਹੀ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਉਹ ਅਡੌਪਸ਼ਨ ਖਰਚੇ ਦੇ ਟੈਕਸ ਕਰੈਡਿਟ ਵਿਚ ਵਾਧਾ ਕਰਨਗੇ ਜੋ ਕਿ ਬੱਚਾ ਗੋਦ ਲੈਣ ਵਕਤ ਖਰਚਿਆਂ ਨੂੰ ਘਟਾਉਣ ਲਈ ਬਣਾਇਆ ਗਿਆ ਹੈ।

ਮੌਜੂਦਾ ਇਸ ਨਾਨ-ਰਿਫੰਡੇਬਲ ਟੈਕਸ ਕਰੈਡਿਟ ਨਾਲ 15 ਫੀਸਦੀ ਦੇ ਅਡੌਪਸ਼ਨ ਖਰਚੇ ਕਰੈਡਿਟ ਦੇ ਰੂਪ ਵਿਚ ਮਿਲ ਸਕਦੇ ਹਨ ਅਤੇ ਇਹ ਰਾਸ਼ੀ ਵੱਧ ਤੋਂ ਵੱਧ 15,000 ਡਾਲਰ ਹੋ ਸਕਦੀ ਹੈ।

ਹਾਰਪਰ ਨੇ ਵੀਰਵਾਰ ਨੂੰ ਨਿਊ ਮਾਰਕਿਟ ਉਂਟੇਰੀਓ ਵਿਖੇ ਵਾਅਦਾ ਕਰਦਿਆ ਕਿਹਾ ਕਿ ਸਰਕਾਰ ਇਨ੍ਹਾਂ ਅਡੌਪਸ਼ਨ ਖਰਚਿਆਂ ਨੂੰ ਵਧਾ ਕੇ 20,000 ਡਾਲਰ ਕਰ ਦੇਵੇਗੀ ਅਤੇ 15 ਫੀਸਦੀ ਦੇ ਹਿਸਾਬ ਨਾਲ ਇਹ ਹਰ ਇੱਕ ਬੱਚੇ ਪਿਛੇ 3000 ਡਾਲਰ ਬਣੇਗਾ। ਉਨ੍ਹਾਂ ਕਿਹਾ ਕਿ ਕੰਸਰਵੇਟਿਵ ਇਸ ਗੱਲ ਨੂੰ ਯਕੀਨੀ ਬਣਾਉਗੇ ਕਿ ਇਸ ਕਰੈਡਿਟ ਨੂੰ ਰਿਫੰਡੇਬਲ ਬਣਾਇਆ ਜਾਵੇ। ਦੋਵੇਂ ਰਿਫੰਡੇਬਲ ਅਤੇ ਨਾਨ-ਰਿਫੰਡੇਬਲ ਨਾਲ ਵਿਅਕਤੀ ਨੂੰ ਟੈਕਸ ਵਿਚ ਛੋਟ ਮਿਲਦੀ ਹੈ ਪਰ ਰਿਫੰਡੇਬਲ ਕਰੈਡਿਟ ਨਾਲ ਪਰਿਵਾਰਾਂ ਨੂੰ ਟੈਕਸ ਮੁੜ ਕੇ ਆਉਂਦਾ ਹੈ।

ਕੰਸਰਵੇਟਿਵ ਸਰਕਾਰ ਦੇ ਮੁੜ ਚੁਣੇ ਜਾਣ ਤੇ ਇਹ ਟੈਕਸ ਛੋਟਾਂ 2016 ਵਿਚ ਲਾਗੂ ਕੀਤੀਆਂ ਜਾਣਗੀਆਂ ਅਤੇ ਸਰਕਾਰ ਨੂੰ 4 ਮਿਲੀਅਨ ਡਾਲਰ ਤੱਕ ਦੀ ਉਗਰਾਹੀ ਵਿਚ ਘਾਟਾ ਪਵੇਗਾ।

ਅਡੌਪਸ਼ਨ ਕਾਊਂਸਲ ਆਫ਼ ਕੈਨੇਡਾ ਮੁਤਾਬਕ ਕੈਨੇਡਾ ਵਿਚ ਹਰ ਸਾਲ 3,000 ਬੱਚੇ ਗੋਦ ਲਏ ਜਾਂਦੇ ਹਨ। ਜਨਤੱਕ ਅਡੌਪਸ਼ਨ ਵਿਚ ਇਸ ਤੇ ਖਰਚਾ 3,000 ਡਾਲਰ ਆਉਂਦਾ ਹੈ, ਅਜੇਂਸੀ ਰਾਹੀਂ ਅਡੌਪਸ਼ਨ ਤੇ 20,000 ਡਾਲਰ ਤੱਕ ਦਾ ਖਰਚਾ ਆਉਂਦਾ ਹੈ ਜਦਕਿ ਵਿਦੇਸ਼ਾ ਤੋਂ ਕੀਤੀ ਅਡੌਪਸ਼ਨ ਤੇ 30,000 ਡਾਲਰ ਦਾ ਖਰਚਾ ਹੁੰਦਾ ਹੈ।

ਐਨ ਡੀ ਪੀ ਆਗੂ ਥੌਮਸ ਮਲਕੇਅਰ ਵੈਨਕੂਵਰ ਵਿਚ ਯੂਨੀਵਰਸਲ ਚਾਈਲਡ ਕੇਅਰ ਦੀ ਯੋਜਨਾ ਨੂੰ ਪ੍ਰਚਾਰ ਰਹੇ ਹਨ। ਮਲਕੇਅਰ ਵਲੋਂ ਬੀ ਸੀ ਵਿਚ 110,000 ਚਾਈਲਡ ਕੇਅਰ ਸੈਂਟਰ ਖੋਲਣ ਦੀ ਗੱਲ ਕਹੀ ਹੈ ਜਿਥੇ ਲੋਕ ਚਾਈਲਡ ਕੇਅਰ ਲਈ ਸੱਭ ਤੋਂ ਜ਼ਿਆਦਾ ਖਰਚਾ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸ ਯੋਜਨਾ ਨਾਲ ਬਹੁਤ ਸਾਰੇ ਪਰਿਵਾਰਾਂ ਨੂੰ ਲਾਭ ਹੋਵੇਗਾ।

ਮਲਕੇਅਰ ਨੇ ਕਿਹਾ ਕਿ ਔਰਤਾਂ ਨੂੰ ਬੱਚਿਆਂ ਪ੍ਰਤੀ ਮੁਸ਼ਕਲ ਫੈਸਲੇ ਲੈਣੇ ਪੈਂਦੇ ਹਨ ਅਤੇ ਕਈ ਮਾਂਵਾਂ ਵਲੋਂ ਇਹ ਵਿਸ਼ਾ ਉਠਾਇਆ ਗਿਆ ਕਿ ਕਈ ਵਾਰ ਉਨ੍ਹਾਂ ਨੂੰ ਬੱਚਿਆਂ ਖਾਤਰ ਆਪਣਾ ਭਵਿਖ ਦਾਓ ਤੇ ਲਾਉਣਾ ਪੈਂਦਾ ਹੈ। ਮਲਕੇਅਰ ਨੇ ਕਿਹਾ ਕਿ ਉਨ੍ਹਾਂ ਦਾ ਟੀਚਾ ਹੈ ਕਿ ਹਰ ਇੱਕ ਲੋੜਵੰਦ ਬੱਚੇ ਨੂੰ 15 ਡਾਲਰ ਪ੍ਰਤੀ ਦਿਨ ਦੇ ਹਿਸਾਬ ਨਾਲ ਚਾਈਲਡ ਕੇਅਰ ਮੁਹੱਈਆ ਕਰਵਾਈ ਜਾਵੇ।

ਲਿਬਰਲ ਆਗੂ ਜਸਟਿਨ ਟਰੂਡੋ, ਜੋ ਅੱਜ ਵਿਕਟੋਰੀਆ ਬੀ ਸੀ ਵਿਚ ਸਨ, ਨੇ ਵਾਅਦਾ ਕੀਤਾ ਕਿ ਲਿਬਰਲ ਸਰਕਾਰ ਉਨ੍ਹਾਂ ਪਰਿਵਾਰਿਕ ਮੈਂਬਰਾਂ ਨੂੰ ਲਾਭ ਦਵੇਗੀ ਜਿਨ੍ਹਾਂ ਦੇ ਪਰਿਵਾਰਿਕ ਮੈਂਬਰ ਕਿਸੇ ਗੰਭੀਰ ਬਿਮਾਰੀ ਦਾ ਸ਼ਿਕਾਰ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਸਿਰਫ਼ ਕੁੱਝ ਲੋਕਾਂ ਨੂੰ ਹੀ ਸ਼ਰਤਾਂ ਨਾਲ ਹਮਦਰਦੀ ਸੰਭਾਲ ਹਿਤ ਫਾਇਦਾ ਪਹੁੰਚਦਾ ਹੈ।

# ਹਾਈਡ੍ਰੋ ਵਨ ਵੱਲੋਂ ਨਿੱਜੀਕਰਨ ਦੀਆਂ ਤਿਆਰੀਆਂ, ਨਵੇਂ ਸੀ. ਈ. ਓ. ਦੀ ਕੀਤੀ ਨਿਯੁਕਤੀ




ਟੋਰਾਂਟੋ (ਪੋਸਟ ਬਿਊਰੋ) : ਹਾਈਡ੍ਰੋ ਵਨ ਵੱਲੋਂ ਨਵੇਂ ਪ੍ਰੈਜ਼ੀਡੈਂਟ ਅਤੇ ਸੀ.ਈ.ਓ. ਦੀ ਨਿਯੁਕਤੀ ਕੀਤੀ ਗਈ ਹੈ। ਖਬਰ ਮਿਲੀ ਹੈ ਕਿ ਸਰਕਾਰ ਵੱਲੋਂ ਨਿਯੰਤ੍ਰਿਤ ਇਸ ਯੂਟੀਲਿਟੀ ਵੱਲੋਂ ਹੁਣ ਨਿੱਜੀਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਅਜੰਸੀ ਦੇ ਬੋਰਡ ਆਫ਼ ਡਰੈਕਟਰਾਂ ਨੇ ਕਿਹਾ ਹੈ ਕਿ ਤਿੰਨ ਸਤੰਬਰ ਨੂੰ ਮੌਜੂਦਾ ਪ੍ਰਧਾਨ ਅਤੇ ਸੀ.ਈ.ਓ.ਕੈਰਮੀਨ ਮਾਰਸੈਲੋ ਦੀ ਥਾਂ 'ਤੇ ਮਾਯੋ ਸਕਮਿੱਥ ਇਸ ਅਹੁਦੇ ਨੂੰ ਸੰਭਾਲਣਗੇ। ਇਸ ਤੋਂ ਬਾਅਦ ਮਾਰਸੈਲੋ ਵੱਲੋਂ ਸ਼ੁਰੂਆਤੀ ਪਬਲਿਕ ਆਫ਼ਰਿੰਗਜ਼ ਦੌਰਾਨ ਮੁੱਖ ਐਡਵਾਈਜ਼ਰ ਦੀ ਭੂਮੀਕਾ ਨਿਭਾਈ ਜਾਵੇਗੀ। ਹਾਈਡ੍ਰੋ ਵਨ ਦੇ ਬੋਰਡ ਆਫ਼ ਡਰੈਕਟਰਜ਼ ਦੇ ਪ੍ਰਧਾਨ ਡੇਵਿਡ ਡੈਨੀਸਨ ਨੇ ਇਸ ਸੰਬੰਧ ਵਿਚ ਗੱਲਬਾਤ ਕਰਦਿਆਂ ਕਿਹਾ ਕਿ, "ਸਕਮਿੱਥ ਕੋਲ ਪਿਛਲੇ ਸਮੇਂ ਦੋਰਾਨ ਵੱਡੇ ਪੱਧਰ ਦੇ ਬਿਜ਼ਨਸ ਟ੍ਰਾਂਸਫ਼ੋਰਮੇਸ਼ਨਸ ਨੂੰ ਸੰਭਾਲਣ ਅਤੇ ਇਸਦੇ ਨਾਲ ਹੀ ਨਿਵੇਸ਼ਕਾਂ, ਮੁਲਾਜ਼ਮਾਂ ਅਤੇ ਕਸਟਮਰਜ਼ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਲਗਾਤਾਰ ਗਰੋਥ ਵੱਲ ਵੱਧਦੇ ਜਾਣ ਦਾ ਤਜੁਰਬਾ ਹਾਸਲ ਹੈ। ਇਸ ਤੋਂ ਪਹਿਲਾ ਸਕਮਿੱਥ ਨੇ ਗਲੋਬਲ ਐਗ੍ਰੀ-ਬਿਜ਼ਨੈਸ ਵਿਤੇਰਾ ਵਿਚ ਇਕ ਸੀ.ਈ.ਓ. ਵਜੋਂ ਕੰਮ ਕੀਤਾ ਹੈ। ਇਸ ਤੋਂ ਬਾਅਦ ਇਸ ਕੰਪਨੀ ਨੂੰ 2012 ਵਿਚ ਗਲੈਨਕੋਰ ਇੰਟਰਨੈਸ਼ਨਲ ਵੱਲੋਂ ਹਾਸਲ ਕਰ ਲਿਆ ਗਿਆ ਸੀ।

# ਥੌਮਸ ਮਲਕੇਅਰ ਵੱਲੋਂ ਟੂਰਿਜ਼ਮ 'ਤੇ 30 ਮਿਲੀਅਨ ਡਾਲਰ ਖਰਚ ਕਰਨ ਦਾ ਵਾਅਦਾ



ਓਟਾਵਾ (ਪੋਸਟ ਬਿਊਰੋ) : ਨਿਆਗਰਾ ਫ਼ਾਲ ਵੱਲ ਆਪਣੇ ਕੈਂਪੇਨ ਨੂੰ ਲਿਜਾਂਦਿਆ ਐਨ.ਡੀ.ਪੀ. ਲੀਡਰ ਥੌਮਸ ਮਲਕ-ੇਅਰ ਨੇ ਆਉਣ ਵਾਲੇ ਅਗਲੇ ਤਿੰਨ ਸਾਲਾਂ ਦੌਰਾਨ ਨਿਆ-ਗਰਾ ਫ਼ਾਲ ਨੂੰ ਫ਼ੋਰ-ਸੀਜ਼ਨ ਟੂਰਿਸਟ ਡੈਸਟੀਨੇਸ਼ਨ ਬਣਾਉਣ ਲਈ ਇਸ 'ਤੇ 30 ਮਿਲੀਅਨ ਡਾਲਰ ਦੀ ਰਕਮ ਖਰਚ ਕਰਨ ਦਾ ਵਾਅਦਾ ਕੀਤਾ ਹੈ।

ਕੰਜ਼ਰਵਟਿਵ ਸਰਕਾਰ ਵੱਲੋਂ ਆਪਣੇ ਬਜਟ ਵਿਚ ਇਸ ਯੋਜਨਾ ਅਧੀਨ 30 ਮਿਲੀਅਨ ਡਾਲਰ ਦੀ ਰਕਮ ਖਰਚ ਕਰਨ ਅਤੇ ਇੱਥੇ ਅਮਰੀਕੀ ਸੈਲਾਨੀਆਂ ਦੀ ਗਿਣਤੀ ਨੂੰ ਵਧਾ ਕੇ ਲਗਭਗ 680,000 ਤੱਕ ਲੈ ਕੇ ਜਾਣ ਦਾ ਉਦੇਸ਼ ਵੀ ਰੱਖਿਆ ਗਿਆ ਸੀ। ਮਲਕੇਅਰ ਵੱਲੋਂ ਬਜਟ ਵਿਚ ਮਿਲੀ ਇਸ ਮਨਜ਼ੂਰੀ ਦੀ 30 ਮਿਲੀਅਨ ਡਾਲਰ ਦੀ ਰਕਮ ਤੋਂ ਉੱਤੋਂ ਦੀ ਹੋਰ 30 ਮਿਲੀਅਨ ਖਰਚਣ ਦਾ ਵਾਅਦਾ ਕੀਤਾ ਗਿਆ ਹੈ। ਮਲਕੇਅਰ ਵੱਲੋਂ ਇਹ ਦਾਅਵਾ ਕੀਤਾ ਗਿਆ ਹੈ ਕਿ ਪਿਛਲੇ ਸਮੇਂ ਦੌਰਾਨ ਹਾਰਪਰ ਵੱਲੋਂ ਇਸ ਯੋਜਨਾ ਅਧੀਨ ਖਰਚੀ ਜਾਣ ਵਾਲੀ ਰਕਮ ਵਿਚ ਕਟੌਤੀ ਕੀਤੀ ਗਈ ਸੀ, ਜਿਸ ਕਾਰਨ ਇੱਥੇ ਆਉਣ ਵਾਲੇ ਅਮਰੀਕੀ ਸੈਲਾਨੀਆਂ ਦੀ ਗਿਣਤੀ ਵਿਚ ਵੀ ਕਮੀ ਦਰਜ ਕੀਤੀ ਗਈ ਹੈ।

ਮਲਕੇਅਰ ਵੱਲੋਂ ਇਸ ਫ਼ੇਸਲੇ ਨੂੰ ਗ਼ਲਤ ਕਰਾਰ ਦਿੱਤਾ ਗਿਆ ਅਤੇ ਇਸ ਗੱਲ ਦੀ ਗਵਾਹੀ ਭਰੀ ਗਈ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਇਸ ਯੋਜਨਾ 'ਤੇ ਖੁੱਲ ਕੇ ਖਰਚਾ ਕੀਤਾ ਜਾਵੇਗਾ ਅਤੇ ਅਮਰੀਕੀ ਸੈਲਾਨੀਆਂ ਦੀ ਗਿਣਤੀ ਵਿਚ ਵੀ ਵਾਧਾ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਨਿਆਗਰਾ ਫ਼ਾਲ 'ਤੇ ਟੂਰੀਜ਼ਮ ਅਤੇ ਹੌਸਪਿਟੈਲਿਟੀ ਦੀ ਇਸ ਯੋਜਨਾ ਨੂੰ ਕੰਜ਼ਰਵਟਿਵ ਲੀਡਰ ਰੌਬ ਨਿਕੋਲਸਨ ਵੱਲੋਂ ਸ਼ੁਰੂ ਕੀਤੀ ਗਿਆ ਸੀ, ਜਿੱਥੇ ਲਗਭਗ 33000 ਨਾਲੋਂ ਵੀ ਵਧੇਰੇ ਲੋਕਾਂ ਦੀ ਆਓ ਭਗਤ ਕੀਤੀ ਜਾਂਦੀ ਹੈ। ਰੌਬ ਨਿਕੋਲਸਨ ਹਾਰਪਰ ਦੀ ਕੈਬੀਨੇਟ ਵਿਚ ਡਿਫ਼ੈਂਸ ਮਨਿਸਟਰ ਅਤੇ ਫ਼ੌਰਨ ਮਨਿਸਟਰ ਦੀ ਜ਼ਿੰਮੇਵਾਰੀ ਨਿਭਾਈ ਗਈ ਹੈ।

# ਲਿਬਰਲਾਂ ਵੱਲੋਂ ਪੈਟ੍ਰਿਕ ਬ੍ਰਾਊਨ ਖਿਲਾਫ਼ ਇਕ ਹੋਰ ਵਾਰ



ਟੋਰਾਂਟੋ (ਪੋਸਟ ਬਿਊਰੋ) : ਲਿਬਰਲਾਂ ਵੱਲੋਂ ਪੈਟ੍ਰਿਕ ਬ੍ਰਾਊਨ ਖਿਲਾਫ਼ ਇਕ ਵਾਰ ਫ਼ਿਰ ਵਾਰ ਕਰਦਿਆਂ ਇਹ ਇਤਰਾਜ਼ ਜਤਾਇਆ ਜਾ ਰਿਹਾ ਹੈ ਕਿ ਪ੍ਰੋਗ੍ਰੈਸਿਟ ਕੰਜ਼ਰਵਟਿਵ ਲੀਡਰ ਪੈਟ੍ਰਿਕ ਬ੍ਰਾਊਨ ਵੱਲੋਂ ਸੇਮ ਸੈਕਸ ਮੈਰਿਜ ਅਤੇ ਅਬੌਰਸ਼ਨ ਦੇ ਅਧਿਕਾਰਾਂ ਦਾ ਵਿਰੋਧ ਕੀਤਾ ਗਿਆ ਹੈ।

ਤਿੰਨ ਸਤੰਬਰ ਨੂੰ ਸਿਮੋਏ ਨੌਰਥ ਵਿਖੇ ਜ਼ਿਮਨੀ ਚੋਣਾਂ ਲਈ ਵੋਟਾਂ ਦਾ ਦਿਨ ਮੁਕਰਰ ਕਿਤਾ ਗਿਆ ਹੈ, ਪਰ ਡਿਪਟੀ ਪ੍ਰਿਮੀਅਰ ਡੈਬ ਮੈਥਿਊਜ਼ ਵੱਲੋਂ ਲਗਭਗ 47000 ਘਰਾਂ ਵਿਚ ਪੈਟ੍ਰਿਕ ਬ੍ਰਾਊਨ ਖਿਲਾਫ਼ ਇਹ ਪੱਤਰ ਭੇਜੇ ਗਏ ਹਨ। ਮੈਥਿਊ ਨੇ ਲਿਖਿਆ ਹੈ ਕਿ , ਜਦੋਂ ਤੋਂ ਪੈਟ੍ਰਿਕ ਬ੍ਰਾਊਨ ਨੇ ਟਿਮ ਹੁਡਾਕ ਦੀ ਪੀ.ਸੀ.ਪਾਰਟੀ ਨੂੰ ਆਪਣੇ ਅਧੀਨ ਲੈਣ ਦਾ ਫ਼ੈਸਲਾ ਲਿਆ ਹੈ, ਉਦੋਂ ਤੋਂ ਹੀ ਮੈਨੂੰ ਕੁੱਝ ਪਰੇਸ਼ਾਨੀ ਮਹਿਸੂਸ ਹੋ ਰਹੀ ਹੈ।

ਉਨ੍ਹਾਂ ਲਿਖਿਆ ਹੈ ਕਿ, ਇਕ ਔਰਤ, ਮਾਂ, ਅਤੇ ਦਾਦੀ ਹੋਣ ਦੇ ਨਾਤੇ ਮੈਨੂੰ ਇਸ ਗੱਲ ਦੀ ਚਿੰਤਾ ਹੈ ਕਿ ਮਿਸਟਰ ਪੈਟ੍ਰਿਕ ਬ੍ਰਾਊਨ ਵੱਲੋਂ ਲਏ ਗਏ ਫ਼ੈਸਲਿਆਂ ਦਾ ਕੀ ਅੰਜਾਮ ਹੋਵੇਗਾ। ਜ਼ਾਹਿਰ ਗੱਲ ਹੈ ਕਿ ਮੈਥਿਊ ਲਿਬਰਲ ਪਾਰਟੀ ਦਾ ਪੱਖ ਪੂਰ ਰਹੀ ਹੈ। ਜ਼ਿਮਨੀ ਚੋਣਾਂ ਤੋਂ ਕੁੱਝ ਹੀ ਸਮਾਂ ਪਹਿਲਾਂ ਇੰਝ ਕਿਸੇ ਸਿਆਸੀ ਲੀਡਰ ਪ੍ਰਤੀ ਆਪਣੀ ਅਸਹਿਮਤੀ ਨੂੰ ਪੱਤਰ ਰਾਹੀ ਘਰ ਘਰ ਪਹੁੰਚਾਉਣ ਦਾ ਇਕੋ ਹੀ ਉਦੇਸ਼ ਹੈ, ਜੋ ਸਪਸ਼ਟ ਰੂਪ ਨਾਲ ਸਮਝਿਆ ਜਾ ਸਕਦਾ ਹੈ।

ਲਿਬਰਲ ਪਾਰਟੀ ਅਬੌਰਸ਼ਨ ਦੇ ਅਧਿਕਾਰ ਦੇ ਹੱਕ ਵਿਚ ਹੈ ਅਤੇ ਪੈਟ੍ਰਿਕ ਬ੍ਰਾਊਨ ਵੱਲੋਂ ਆਪਣੀ ਨਿੱਜੀ ਰਾਏ ਇਸ ਅਧਿਕਾਰ ਦੇ ਖਿਲਾਫ਼ ਦਿੱਤੀ ਗਈ ਹੈ। ਇਨ੍ਹਾਂ ਮੁੱਦਿਆਂ ਦੇ ਅਧਾਰ 'ਤੇ ਹੀ ਹੁਣ ਲਿਬਰਲਾਂ ਵੱਲੋਂ ਪੈਟ੍ਰਿਕ ਬ੍ਰਾਊਨ 'ਤੇ ਨਿਸ਼ਾਨਾ ਲਗਾਇਆ ਗਿਆ ਹੈ।

# ਸੂਬਾ ਸਰਕਾਰ ਅਤੇ ਉਂਟੇਰੀਓ ਪਬਲਿਕ ਹਾਈ ਸਕੂਲ ਟੀਚਰਾਂ ਦਰਮਿਆਨ ਅਸਥਾਈ ਸਮਝੌਤਾ



ਟੋਰਾਂਟੋ (ਪੋਸਟ ਬਿਊਰੋ) : ਉਂਟੇਰੀਓ ਸਕੈਂਡਰੀ ਸਕੂਲ ਟੀਚਰਸ ਫੈਡਰੇਸ਼ਨ ਵਲੋਂ ਮਿਲੀ ਜਾਣਾਰੀ ਅਨੁਸਾਰ ਉਂਟੇਰੀਓ ਦੇ ਪਬਲਿਕ ਹਾਈ ਸਕੂਲ ਟੀਚਰਾਂ ਅਤੇ ਸਰਕਾਰ ਦਰਮਿਆਨ ਯੂਨੀਅਨ ਐਗਰੀਮੈਂਟ ਨੂੰ ਲੈ ਕੇ ਸਮਝੌਤਾ ਹੋ ਗਿਆ ਹੈ।

ਦੋਵੇਂ ਪਾਰਟੀਆਂ ਦੀ ਤਿੰਨ ਮਹੀਨੇ ਦੀ ਚੁੱਪੀ ਤੋਂ ਬਾਅਦ ਇਸ ਹਫਤੇ ਇਸ ਬਾਰੇ ਗੱਲਬਾਤ ਚਾਲੂ ਹੋਈ ਅਤੇ ਇਹ ਸਕੂਲ ਖੁਲ੍ਹਣ ਤੋਂ ਮਾਤਰ ਤਿੰਨ ਹਫ਼ਤੇ ਪਹਿਲਾਂ ਦਾ ਸਮਾਂ ਹੈ।

ਉਂਟੇਰੀਓ ਸਕੈਂਡਰੀ ਸਕੂਲ ਟੀਚਰਸ ਫੈਡਰੇਸ਼ਨ ਨੇ ਇੱਕ ਜਾਣਕਾਰੀ ਵਿਚ ਦਸਿਆ ਕਿ ਟੀਚਰਜ਼ ਅਤੇ ਆਰਜ਼ੀ ਟੀਚਰਾਂ ਲਈ ਉਂਟੇਰੀਓ ਸਰਕਾਰ ਅਤੇ ਉਂਟੇਰੀਓ ਪਬਲਿਕ ਸਕੂਲ ਬੋਰਡ ਐਸੋਸੀਏਸ਼ਨ ਵਿਚ ਅਸਥਾਈ ਐਗਰੀਮੈਂਟ ਸਮਝੌਤਾ ਹੋ ਗਿਆ ਹੈ।

ਇਸ ਐਗਰੀਮੈਂਟ ਨੂੰ ਹਾਲ ਦੀ ਘੜੀ ਮੈਂਬਰਾਂ ਦੀ ਸਹਿਮਤੀ ਲਈ ਪੇਸ਼ਨ ਨਹੀਂ ਕੀਤਾ ਗਿਆ ਅਤੇ ਇਸ ਨੂੰ ਪਹਿਲਾਂ ਉਂਟੇਰੀਓ ਸਕੈਂਡਰੀ ਸਕੂਲ ਟੀਚਰਸ ਫੈਡਰੇਸ਼ਨ ਦੇ ਸਥਾਨਿਕ ਆਗੂਆਂ ਵਲੋਂ ਮੰਜੂਰੀ ਦਿਤੀ ਜਾਣਾ ਜਰੂਰੀ ਹੈ।

ਸਿਖਿਆ ਮੰਤਰੀ ਲਿਜ਼ ਸੈਂਡਲਸ ਨੇ ਕਿਹਾ ਕਿ ਦੋਵਾਂ ਪਾਸਿਆਂ ਲਈ ਇਹ ਸਮਝੌਤਾ ਕਾਫੀ ਚੁਣੌਤੀ ਭਰਭੂਰ ਸੀ। ਉਨ੍ਹਾਂ ਕਿਹਾ ਕਿ ਸਾਰਿਆਂ ਦੀ ਸਮਰਪਣ ਅਤੇ ਵੱਚਨਬੱਧਤਾ ਨਾਲ ਇਸ ਸਮਝੌਤੇ ਤੇ ਪਹੁੰਚ ਸਕਣਾ ਸੰਭਵ ਹੋ ਸਕਿਆ ਹੈ। ਉਨ੍ਹਾਂ ਕਿਹਾ ਕਿ ਅਸੀਂ ਹੋਰ ਅਧਿਆਪਕਾਂ ਅਤੇ ਸਿਖਿਆ ਸੰਬੰਧੀ ਵਰਕਰ ਯੂਨੀਅਨਾਂ ਨਾਲ ਗੱਲਬਾਤ ਕਰਦੇ ਰਹਾਂਗੇ ਤਾਂ ਜੋ ਹਰ ਇਕ ਸਮਝੌਤੇ ਤੇ ਸਹਿਮਤੀ ਬਣ ਸਕੇ।

ਇਸ ਸੰਭਾਵੀ ਸਮਝੌਤੇ ਦੀਆਂ ਖ਼ਬਰਾਂ ਉਸ ਵੇਲੇ ਆ ਰਹੀਆਂ ਹਨ ਜਦੋਂ ਇਸ 115,000 ਅਧਿਆਪਕਾਂ ਲਈ ਯੂਨੀਅਨਾਂ ਟੇਬਲ ਦੇ ਗੱਲਬਾਤ ਵਿਚ ਕਰ ਰਹੀਆਂ ਹਨ। ਇੱਕ ਯੂਨੀਅਨ ਦੇ ਬੁਲਾਰੇ ਨੇ ਕਿਹਾ ਕਿ ਹਾਲ ਦੀ ਘੜੀ ਸਰਕਾਰ ਦੀ ਜ਼ੀਰੋ ਵੇਤਨ ਵਾਧੇ ਦੀ ਮੰਗ ਉੱਤੇ ਗੱਲਬਾਤ ਸ਼ੁਰੂ ਨਹੀਂ ਹੋ ਸਕੀ ਹੈ।

ਪ੍ਰੀਮੀਅਰ ਕੈਥਲਿਨ ਵਿਨ ਨੇ ਕਿਹਾ ਹੈ ਕਿ ਸਰਕਾਰ ਕਿਸੇ ਸਰਕਾਰੀ ਮੁਲਾਜ਼ਮ ਜਾਂ ਹੋਰ ਪਬਲਿਕ ਸੈਕਟਰ ਵਿਚ ਕਿਸਮ ਦੀ ਸੈਲਰੀ ਵਾਧੇ ਲਈ ਫੰਡ ਮੁਹੱਈਆ ਨਹੀਂ ਕਰਵਾਏਗੀ ਜਦੋਂ ਤੱਕ ਸਰਕਾਰ 11.9 ਬਿਲੀਅਨ ਡਾਲਰ ਦੇ ਘਾਟੇ ਨੂੰ ਬਰਾਬਰ ਨਹੀਂ ਕਰ ਲੈਂਦੀ।

ਯੂਨੀਅਨਾਂ ਵਲੋਂ ਇਸ ਬਾਰੇ ਕਈ ਕਿਸਮ ਦੀ ਚੇਤਾਵਨੀਆਂ ਦਿਤੀਆਂ ਜਾ ਰਹੀਆਂ ਹਨ ਪਰ ਕਿਸੇ ਪੂਰਨ ਹੜਤਾਲ ਬਾਰੇ ਯੂਨੀਅਨ ਨੇ ਆਪਣਾ ਪੱਖ ਸਾਫ਼ ਨਹੀਂ ਕੀਤਾ ਹੈ। ਐਲੀਮੈਂਟਰੀ ਸਕੂਲ ਟੀਚਰ ਫੈਡਰੇਸ਼ਨ ਆਫ਼ ਉਂਟੇਰੀਓ 1 ਸਤੰਬਰ ਤੋਂ ਬਾਅਦ ਇਸ ਬਾਰੇ ਗੱਲ ਸ਼ੁਰੂ ਕਰੇਗੀ ਜਦਕਿ ਉਂਟੇਰੀਓ ਇੰਗਲਿਸ਼ ਕੈਥੋਲਿਕ ਟੀਚਰ ਐਸੋਸੀਏਸ਼ਨ ਅੱਜ ਮੁੜ ਤੋਂ ਬਾਰਗੇਨਿੰਗ ਸ਼ੁਰੂ ਕਰੇਗੀ।

# ਹਾਰਪਰ ਵੱਲੋਂ ਮਿਲਟਰੀ ਰਿਜ਼ਰਵਸ ਵਿਚ ਵਾਧਾ ਕੀਤੇ ਜਾਣ ਦਾ ਵਾਅਦਾ

* ਸਟੀਫ਼ਨ ਅਤੇ ਲੌਰੀਨ ਹਾਰਪਰ ਨੇ ਈਟੋਬੀਕੋਕ ਵਿਖੇ ਮੰਦਰ ਦੇ ਕੀਤੇ ਦਰਸ਼ਨ



ਓਟਾਵਾ (ਪੋਸਟ ਬਿਊਰੋ) : ਕੰਜ਼ਰਵਟਿਵ ਲੀਡਰ ਸਟੀਫ਼ਨ ਹਾਰਪਰ ਵੱਲੋਂ ਟੋਰਾਂਟੋ ਦੇ ਇਕ ਮੰਦਰ ਦੇ ਦਰਸ਼ਨ ਕੀਤੇ ਗਏ। ਆਪਣੇ ਕੈਂਪੇਨ ਦੌਰਾਨ ਸਟੀਫ਼ਨ ਹਾਰਪਰ ਈਟੋਬੀਕੋਕ ਦੇ ਨੌਰਥਵੈਸਟ ਵਿਚ ਸਥਿਤ ਬਾਪਸ ਸ਼੍ਰੀ ਸਵਾਮੀਨਾਰਾਇਣ ਮੰਦਿਰ ਵਿਖੇ ਪੁੱਜੇ, ਜਿਥੇ ਉਨ੍ਹਾਂ ਨੇ ਭਾਰਤ ਦੇ ਅਜ਼ਾਦੀ ਦਿਵਸ ਸੰਬੰਧੀ ਕੀਤੇ ਜਾ ਹੇ ਸਮਾਗਮ ਵਿਚ ਵੀ ਭਾਗ ਲਿਆ। ਇਸ ਮੌਕੇ ਉਨ੍ਹਾਂ ਮੌਜੂਦ ਇਕੱਠ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਭਾਰਤ ਨਾਲ ਕੈਨੇਡਾ ਦਾ ਰਿਸ਼ਤਾ ਬਹੁਤ ਹੀ ਪੁਰਾਣਾ ਅਤੇ ਮਹੱਤਵਪੂਰਨ ਹੈ ਕਿਉਕਿ ਇਨ੍ਹਾਂ ਦੋ ਦੇਸ਼ਾਂ ਵਿਚਾਲੇ ਕਈ ਵਖਰੇਵੇਂ ਹੋਣ ਦੇ ਬਾਵਜੂਦ ਵੀ ਇਕ ਮਜ਼ਬੂਤ ਆਰਥਿਕ ਅਧਾਰ ਕਾਇਮ ਹੋਇਆ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਵਿਚ ਪੈਦਾ ਹੋ ਰਹੇ ਮਾਹੌਲ ਨੂੰ ਵੇਖਦੇ ਹੋਏ ਇਹ ਗੱਲ ਰਾਹਤ ਦਿੰਦੀ ਹੈ ਕਿ ਕੈਨੇਡਾ ਦੇ ਭਾਰਤ ਵਰਗੇ ਦੇਸ਼ ਨਾਲ ਦੋਸਤਾਨਾ ਸੰਬੰਧ ਹਨ। ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਸਟੀਫ਼ਨ ਹਾਰਪਰ ਹੁਣ ਤੱਕ ਤਿੰਨ ਵਾਰ ਇਸ ਮੰਦਰ ਵਿਚ ਦਰਸ਼ਨਾਂ ਲਈ ਆ ਚੁੱਕੇ ਹਨ। ਇਸ ਮੰਦਰ ਦੀ ਵਢਿਆਈ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਮੰਦਰ ਦੇਸ਼ ਵਿਚ ਸਥਿਤ ਕਈ ਮਹੱਤਵਪੂਰਨ ਇਮਾਰਤਾਂ ਵਿਚੋਂ ਇਕ ਹੈ, ਜਿਸਦਾ ਆਰਕੀਟੈਕਚਰ ਆਪਣੇ ਆਪ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ।

ਸੋਮਵਾਰ ਨੂੰ ਹੀ ਆਪਣੇ ਕੈਂਪੇਨ ਦੌਰਾਨ ਸਟੀਫ਼ਨ ਹਾਰਪਰ ਵੱਲੋਂ ਅਗਲੇ ਚਾਰ ਸਾਲਾਂ ਦੌਰਾਨ ਮਿਲਟਰੀ ਰਿਜ਼ਰਵਿਸਟ ਵਿਚ ਵਾਧਾ ਕੀਤੇ 30,000 ਤੱਕ ਲੈ ਜਾਣ ਦੀ ਯੋਜਨਾ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਯੋਜਨਾ ਦੀ ਜਾਣਕਾਰੀ ਸਟੀਫ਼ਨ ਹਾਰਪਰ ਵੱਲੋਂ ਫ਼੍ਰੈਡੈਰਿਕਟਨ ਵਿਖੇ ਦਿੱਤੀ ਗਈ। ਇਸ ਯੋਜਨਾ ਅਧੀਨ ਕੰਜ਼ਰਵਟਿਵਜ਼ ਵੱਲੋਂ ਪ੍ਰਾਇਮਰੀ ਰਿਜ਼ਰਵ ਨੂੰ ਆਪਣੇ ਅਗਲੇ ਮੈਨਡੇਟ ਦੌਰਾਨ ਹੀ 24000 ਤੋਂ ਵਧਾਉਣ ਦੀ ਗੱਲ ਆਖੀ ਗਈ। ਉਨ੍ਹਾਂ ਕਿਹਾ ਕਿ ਪਹਿਲਾਂ ਕੈਨੇਡਾ ਦੀ ਫ਼ਰਸਟ ਡਿਫੈਂਸ ਸਟ੍ਰੈਟੇਜੀ ਤਹਿਤ ਕੀਤੇ ਐਲਾਨ ਅਨੁਸਾਰ ਇਹ ਵਾਧਾ 2028 ਤੱਕ ਕੀਤਾ ਜਾਣਾ ਸੀ ਪਰ ਹੁਣ ਅਗਰ ਉਨ੍ਹਾਂ ਦੀ ਸਰਕਾਰ ਨੂੰ ਮੁੜ ਚੁਣ ਲਿਆ ਜਾਂਦਾ ਹੈ ਤਾਂ ਉਹ ਇਸ ਯੋਜਨਾ ਨੂੰ ਅਗਲੇ ਮੈਨਡੇਟ ਵਿਚ ਹੀ ਸ਼ੁਰੂ ਕਰ ਦੇਣਗੇ।

ਇਸ ਯੋਜਨਾ ਵਿਚ ਨਿਯੁਕਤੀਆਂ ਦੀ ਪ੍ਰਕਿਰਿਆ ਨੂੰ ਛੋਟਾ ਕੀਤਾ ਜਾਵੇਗਾ ਅਤੇ ਸੈਂਟਰਲ ਕੈਨੇਡਾ ਦੇ ਰਿਜ਼ਰਵ ਪਰਸੋਨਲਸ ਨੂੰ ਗ੍ਰੇਟ ਲੇਕ ਲਾਗੇ ਹੀ ਟ੍ਰੇਨਿੰਗ ਦਿੱਤੀ ਜਾਵੇਗੀ ਤਾਂ ਜੋ ਉਹ ਆਪਣੇ ਘਰ ਦੇ ਲਾਗੇ ਰਹਿ ਸਕਣ। ਅਸਦੇ ਨਾਲ ਹੀ ਸਟੀਫ਼ਨ ਹਾਰਪਰ ਵੱਲੋਂ ਰਿਸਰਵ ਯੂਨਿਟਸ ਲਈ ਸਥਿਰ, ਪਰਿਆਪਤ ਅਤੇ ਇਕ ਮਜ਼ਬੂਤ ਬਜਟ ਦਾ ਵੀ ਐਲਾਨ ਕੀਤਾ ਗਿਆ। ਰਿਸਰਵਿਸਟਾਂ ਦੀ ਟ੍ਰੇਨਿੰਗ ਪ੍ਰਕਿਰਿਆ ਵਿਚ ਸੁਧਾਰ ਕਰਨ ਅਤੇ ਹੜ੍ਹ, ਜਾਂ ਅੱਗ ਲੱਗਣ ਵਾਰਗੀਆਂ ਘਰੇਲੂ ਐਮਰਜੈਨਸੀਆਂ ਲਈ ਉਨ੍ਹਾਂ ਨੂੰ ਹੋਰ ਚੰਗੀ ਤਰ੍ਹਾਂ ਤਿਆਰ ਕਰਨਾ ਇਸ ਯੋਜਨਾ ਦਾ ਮੁੱਖ ਵਿਸ਼ਾ ਹੋਵੇਗਾ।

ਇਸ ਮੌਕੇ ਉਨ੍ਹਾਂ ਨਾਲ ਫ਼੍ਰੈਡੈਰਿਕਟਨ ਦੇ ਕੰਜ਼ਰਵਟਿਵ ਉਮੀਦਵਾਰ ਕੈਥ ਐਸ਼ਫ਼ੀਲਡ ਵੀ ਮੌਜੂਦ ਸਨ, ਜਿੱਥੇ ਸਟੀਫ਼ਨ ਹਾਰਪਰ ਵੱਲੋਂ ਰਿਸਰਵਿਸਟਾਂ ਦੀ ਸਹਾਇਤਾ ਲਈ ਛੇ ਨਵੇਂ ਤਰੀਕਿਆਂ ਦੀ ਵੀ ਗੱਲ ਕੀਤੀ ਜਿਸ ਤੋਂ ਬਾਅਦ ਹੋਰ ਵਧੇਰੇ ਕੈਨੇਡੀਅਨਜ਼ ਸੁਰੱਖਿਆ ਦਸਤਿਆਂ ਵਿਚ ਸ਼ਾਮਿਲ ਹੋ ਸਕਣ। ਇਨ੍ਹਾਂ ਤਰੀਕਿਆਂ ਨਾਲ ਕੈਨੇਡੀਅਨ ਆਰਮਡ ਫ਼ੋਰਸ ਨੂੰ ਇਕ ਅਜਿਹੀ ਤਾਕਤ ਮਿਲੇਗੀ ਜਿਸ ਨਾਲ ਉਹ ਦੇਸ਼ ਅੰਦਰਲੀ ਅਤੇ ਸੀਮਾ ਤੋਂ ਬਾਹਰਲੀ ਕਿਸੇ ਵੀ ਕਿਸਮ ਦੀ ਮੁਸੀਬਤ ਨਾਲ ਮਜ਼ਬੂਤੀ ਨਾਲ ਸਿੱਝ ਸਕਣਗੇ। ਇਸਦੇ ਨਾਲ ਹੀ ਉਨਹਾਂ ਵੱਲੋਂ ਦੇਸ਼ ਦੀ ਸੀਮਾ ਦੇ ਅੰਦਰ ਪਾਣੀ ਦੀ ਰਾਖੀ ਦੀ ਜ਼ਿੰਮੇਵਾਰੀ ਵੀ ਪ੍ਰਮੁੱਖ ਰੂਪ ਵਿਚ ਸਿਰਫ਼ ਨੇਵਲ ਫ਼ੋਰਸ ਅਧੀਨ ਕੀਤੇ ਜਾਣ ਦੀ ਗੱਲ ਆਖੀ। ਇਸ ਦੇ ਨਾਲ ਹੀ ਕੰਜ਼ਰਵਟਿਵਜ਼ ਵੱਲੋਂ ਪਬਲਿਕ ਡਿਊਟੀਆਂ ਨੂੰ ਪੂਰਾ ਕਰਨ ਲਈ ਵੀ ਕਈ ਕਿਸਮ ਦੀਆਂ ਯੋਜਨਾਵਾਂ ਤਿਆਰ ਕੀਤੇ ਜਾਣ ਦੀ ਗੱਲ ਆਖੀ ਗਈ।

## ਟੈਕਸ ਛੋਟਾਂ ਦੇ ਵਾਅਦਿਆਂ ਨਾਲ ਲੈਸ ਟਰੂਡੋ ਦੀ ਉਂਟੇਰੀਓ ਚੋਣ ਮਹਿੰਮ



ਟੋਰਾਂਟੋ (ਪੋਸਟ ਬਿਊਰੋ) : ਜਸਟਿਨ ਟਰੂਡੋ ਵਲੋਂ ਆਪਣੇ ਚੋਣ ਪ੍ਰਚਾਰ ਦੌਰਾਨ ਲਿਬਰਲ-ਐਨ ਡੀ ਪੀ ਵਿਚ ਕਿਸੇ ਢੰਗ ਦੇ ਗਠਜੋੜ ਤੋਂ ਇਨਕਾਰ ਕੀਤਾ ਗਿਆ ਹੈ। ਸਟੀਫਨ ਹਾਰਪਰ ਅਤੇ ਕੰਜ਼ਰਵੇਟਿਵ ਪਾਰਟੀ ਨੂੰ ਸੱਤਾ ਤੋਂ ਦੂਰ ਰੱਖਣ ਲਈ 19 ਅਕਤੂਬਰ ਦੀਆਂ ਚੋਣਾਂ ਵਿਚ ਐਨ ਡੀ ਪੀ ਅਤੇ ਲਿਬਰਲਾਂ ਦਰਮਿਆਨ ਕਿਸੇ ਗਠਜੋੜ ਦੇ ਆਸਾਰ ਹੁਣ ਘੱਟ ਦਿਖਾਈ ਦੇਣ ਲਗੇ ਹਨ।

ਜਸਟਿਨ ਟਰੂਡੋ ਨੇ ਕਿਹਾ ਹੈ ਕਿ ਉਹ ਰਸਮੀ ਗਠਜੋੜਾਂ ਤੇ ਵਿਸ਼ਵਾਸ ਨਹੀਂ ਕਰਦੇ ਪਰ ਉਹ ਹਾਊਸ ਆਫ਼ ਕਾਮਨਜ਼ ਵਿਚ ਕੈਨੇਡੀਅਨ ਲੋਕਾਂ ਵਲੋਂ ਚੁਣੇ ਹੋਏ ਹੋਰ ਮੈਂਬਰ ਪਾਰਲੀਮੈਂਟਾਂ ਨਾਲ ਕੰਮ ਕਰਨ ਲਈ ਤਿਆਰ ਹਨ। ਜਸਟਿਨ ਟਰੂਡੋ ਨੇ ਮੱਧ ਵਰਗ ਦੇ ਪੇਅਚੈਕ ਵਿਚ ਸੁਧਾਰ ਦੀ ਗੱਲ ਕਰਦਿਆਂ ਕਿਹਾ ਕਿ ਨਿਊ ਡੈਮੋਕਰੈਟ ਪਾਰਟੀ ਕੋਲ ਆਰਥਿਕਤਾ ਬਾਰੇ ਕੋਈ ਠੋਸ ਨੀਤੀ ਨਹੀਂ ਹੈ ਅਤੇ ਥਾਮਸ ਮਲਕੇਅਰ ਨਾਲ ਸੱਤਾ ਸਾਂਝੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਮੈਂ ਬੰਦ ਕਮਰਿਆਂ ਵਿਚ ਸਮਝੌਤੇ ਕੀਤੇ ਜਾਣ ਦੇ ਖਿਲਾਫ਼ ਹਾਂ। ਉਨ੍ਹਾਂ ਕਿਹਾ ਕਿ ਕੈਨੇਡੀਅਨ ਲੋਕਾਂ ਕੋਲ ਚੋਣ ਲਈ ਇਸ ਵਕਤ ਪੂਰੀ ਪਸੰਦ ਉਪਲਬਧ ਹੈ ਅਤੇ ਉਨ੍ਹਾਂ ਨੂੰ ਸੋਚ ਸਮਝ ਕੇ ਉਸ ਪਾਰਟੀ ਨੂੰ ਵੋਟ ਪਾਉਣੀ ਚਾਹੀਦੀ ਹੈ ਜਿਸ ਕੋਲ ਵਧੀਆਂ ਯੋਜਨਾਵਾਂ ਹਨ।

ਜਸਟਿਨ ਟਰੂਡੋ ਨੇ ਕਿਹਾ ਕਿ ਐਨ ਡੀ ਪੀ ਕਾਰਪੋਰੇਸ਼ਨਾਂ ਤੇ ਟੈਕਸ ਲਾਉਣਾ ਚਾਹੁੰਦੀ ਹੈ ਜਿਸ ਨਾਲ ਕਿ ਆਰਥਿਕ ਤਰੱਕੀ ਰੁਕ ਸਕਦੀ ਹੈ। ਪਰ ਐਨ ਡੀ ਪੀ ਪਾਰਟੀ ਕੋਲ ਇਨੀਂ ਜੁਰਅਤ ਨਹੀਂ ਕਿ ਉਹ ਵਧੇਰੇ ਕਮਾਉਣ ਵਾਲਿਆਂ ਤੇ ਟੈਕਸ ਦਾ ਸ਼ਿਕੰਜਾ ਕਸਣ ਜਿਸ ਨਾਲ ਮੱਧ ਵਰਗ ਨੂੰ ਟੈਕਸਾਂ ਤੋਂ ਰਾਹਤ ਮਿਲੇ। ਉਨ੍ਹਾਂ ਕਿਹਾ ਕਿ ਲਿਬਰਲ ਸਰਕਾਰ ਅਮੀਰਾਂ ਤੇ ਟੈਕਸ ਲਗਾਵੇਗੀ ਜਦਕਿ 44,000 ਡਾਲਰ ਤੋਂ 89,000 ਡਾਲਰ ਬਣਾਉਣ ਵਾਲਿਆਂ ਨੂੰ ਟੈਕਸ ਵਿਚ ਛੋਟ ਦਿਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਨਾ ਸਿਰਫ਼ ਨਵੀਂ ਸਰਕਾਰ ਹੀ ਚਾਹੀਦੀ ਹੈ ਬਲਕਿ ਮੱਧ ਵਰਗ ਦੇ ਵਿਕਾਸ ਲਈ ਇਕ ਸਾਰਥਕ ਯੋਜਨਾ ਦੀ ਵੀ ਲੋੜ ਹੈ। ਉਨ੍ਹਾਂ ਕਿਹਾ ਕਿ ਲਿਬਰਲ ਸਰਕਾਰ ਅਮੀਰਾਂ ਨੂੰ ਸਰਕਾਰੀ ਚੈਕ ਦੇਣੇ ਬੰਦ ਕਰੇਗੀ ਅਤੇ ਦੂਜੇ ਪਾਸੇ ਮੱਧ ਵਰਗ ਅਤੇ ਘੱਟ ਕਮਾਉਣ ਵਾਲੇ ਪਰਿਵਾਰਾਂ ਨੂੰ ਵਧੇਰੇ ਸਹੂਲਤਾਂ ਦੇਵੇਗੀ।

ਲਿਬਰਲ ਆਗੂ ਨੇ ਨਵੇਂ ਟੈਕਸ ਫਰੀ ਚਾਈਲਡ ਬੈਨੀਫਿਟ ਦੀ ਵੀ ਗੱਲ ਕਹੀ ਜਿਸ ਨਾਲ ਲੋੜਵੰਦਾ ਦੀਆਂ ਜੇਬਾਂ ਵਿਚ ਵਧੇਰੇ ਡਾਲਰ ਪਾਏ ਜਾਣਗੇ।

ਪੱਤਰਕਾਰਾਂ ਵਲੋਂ ਹਾਈਡਰੋ ਵੰਨ ਨੂੰ ਪ੍ਰਾਈਵੇਟ ਕਰਨ ਬਾਰੇ ਲਿਬਰਲ ਸਰਕਾਰ ਅਤੇ ਵਿੰਨ ਦੀ ਪੁਲੀਸ ਪੜਤਾਲ ਬਾਰੇ ਕੀਤੇ ਪ੍ਰਸ਼ਨਾਂ ਤੋਂ ਜਸਟਿਨ ਟਰੂਡੋ ਨੇ ਪਾਸਾ ਵੱਟ ਲਿਆ। ਹਾਈਡਰੋ ਵਨ ਨੂੰ ਪ੍ਰਾਈਵੇਟ ਕਰਨ ਅਤੇ ਸੈਕਸ ਸਿਖਿਆ ਸਿਲੇਬਸ ਨੂੰ ਲਾਗੂ ਕਰਨ ਦੇ ਮਸਲੇ ਤੇ ਲਿਬਰਲਾਂ ਨੂੰ ਭਾਰੀ ਕੀਮਤ ਚੁਕਾਉਣੀ ਪੈ ਸਕਦੀ ਹੈ।

# ਐਨ ਡੀ ਪੀ ਵਲੋਂ ਪੁਲੀਸ ਭਰਤੀ ’ਤੇ 250 ਮਿਲੀਅਨ ਡਾਲਰ ਖਰਚਣ ਦਾ ਵਾਅਦਾ

* 4 ਸਾਲਾਂ ਵਿਚ ਕੀਤੇ ਜਾਣਗੇ 2,500 ਅਫ਼ਸਰ ਭਰਤੀ

ਸਰੀ/ਬੀ.ਸੀ (ਪੋਸਟ ਬਿਊਰੋ) : ਫੈਡਰਲ ਚੋਣਾਂ ਵਿਚ ਆਏ ਦਿਨ ਵਡੀਆਂ ਸਿਆਸੀ ਪਾਰਟੀਆਂ ਵਲੋਂ ਵੋਟਰਾਂ ਨਾਲ ਵਾਅਦੇ ਕੀਤੇ ਜਾ ਰਹੇ ਹਨ। ਇਨ੍ਹਾਂ ਵਾਅਦਿਆਂ ਦੀ ਕੜੀ ਵਿਚ ਨਿਊ ਡੈਮੋਕ੍ਰੈਟ ਪਾਰਟੀ ਵਲੋਂ ਸਰਕਾਰ ਬਣਾਏ ਜਾਣ ਤੇ ਪਹਿਲੀ ਕਤਾਰ ਤੇ ਪੁਲੀਸ ਅਫ਼ਸਰਾਂ ਵਿਚ 2,500 ਨਵੀਆਂ ਨਿਯੁਕਤੀਆਂ ਕਰਨ ਦਾ ਵਾਅਦਾ ਕੀਤਾ ਗਿਆ ਹੈ।



ਆਗੂ ਥੌਮਸ ਮਲਕੇਅਰ ਨੇ ਕਿਹਾ ਕਿ ਐਨ ਡੀ ਪੀ ਸਰਕਾਰ ਆਉਣ ਵਾਲੇ 4 ਸਾਲਾਂ ਵਿਚ ਇਨ੍ਹਾਂ ਨਿਯੁਕਤੀਆਂ ਉੱਪਰ 250 ਮਿਲੀਅਨ ਡਾਲਰ ਦਾ ਨਿਵੇਸ਼ ਕਰੇਗੀ ਅਤੇ ਇਸ ਦੇ ਨਾਲ ਨਾਲ 100 ਮਿਲੀਅਨ ਡਾਲਰ ਦਾ ਸਲਾਨਾ ਨਿਵੇਸ਼ ਵੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਫ਼ੰਡ ਉਨ੍ਹਾਂ ਫ਼ੰਡਾਂ ਨਾਲ ਮਿਲਦਾ ਜੁਲਦਾ ਹੈ ਜਿਸ ਵਿਚ ਕੰਸਰਵੇਟਿਵ ਸਰਕਾਰ ਵੇਲ੍ਹੇ ਕਟੌਤੀ ਕੀਤੀ ਗਈ ਹੈ। ਮਲਕੇਅਰ ਨੇ ਇਹ ਘੋਸ਼ਣਾ ਆਪਣੀ ਚੋਣ ਮੁਹਿੰਮ ਦੌਰਾਨ ਸਰੀ ਬੀ.ਸੀ. ਵਿਚ ਕੀਤੀ । ਜ਼ਿਕਰਯੋਗ ਹੈ ਕਿ ਮੈਟਰੋ ਵੈਨਕੂਵਰ ਦੇ ਇਲਾਕੇ ਵਿਚ ਮਾਰਚ ਤੋਂ ਹੁਣ ਤੱਕ 30 ਗੋਲੀ ਕਾਂਡ ਵਾਪਰ ਚੁੱਕੇ ਹਨ।

# ਮਲਕੇਅਰ ਵਲੋਂ ਕੁਦਰਤੀ ਮੁਸੀਬਤਾਂ ਨਾਲ ਨਜਿਠਣ ਲਈ 9 ਮਿਲੀਅਨ ਡਾਲਰ ਦੇ ਫੰਡ ਦਾ ਵਾਅਦਾ

... ਪੰਨਾ 1 ਦਾ ਬਾਕੀ

ਇਸ ਅੱਗ ਨਾਲ ਸੂਬੇ ਦੇ ਅੰਦਰੂਨੀ ਹਿੱਸਿਆਂ ਤੇ ਵੀ ਕਾਫੀ ਅਸਰ ਪਿਆ ਹੈ ਅਤੇ ਦਰਜਨਾਂ ਘਰ ਇਸ ਅੱਗ ਦੀ ਚਪੇਟ ਵਿਚ ਆ ਗਏ ਹਨ ਅਤੇ ਸੈਂਕੜੇ ਲੋਕਾਂ ਨੂੰ ਘਰ ਛੱਡ ਕੇ ਸੁਰਖਿਅਤ ਇਲਾਕਿਆਂ ਵਿਚ ਪ੍ਰਾਸਥਾਨ ਕਰਨਾ ਪਿਆ ਹੈ।

ਮਲਕੇਅਰ ਨੇ ਕਿਹਾ ਕਿ ਐਨ ਡੀ ਪੀ ਸਰਕਾਰ ਕੁਦਰਤੀ ਆਫ਼ਤਾ ਤੋਂ ਬਚਾਓ ਕਰਨ ਲਈ ਸੂਬਾ ਸਰਕਾਰਾਂ ਦੀ ਮਦਦ ਕਰੇਗੀ ਜਿਸ ਵਿਚ ਅੱਗ ਅਤੇ ਹੜ੍ਹ ਵਰਗੀਆਂ ਆਫ਼ਤਾਵਾ ਸ਼ਾਮਲ ਹੋਣਗੀਆਂ। ਇਸ ਘੋਸ਼ਣਾ ਦਾ ਐਲਾਨ ਵੈਨਕੂਵਰ ਆਈਲੈਂਡ ਦੇ ਰੀਜਨਲ ਪਾਰਕ ਦੇ ਬਾਹਰ ਕੀਤਾ ਗਿਆ। ਇਸ ਮੌਕੇ ਕਈ ਸਥਾਨਕ ਐਨ ਡੀ ਪੀ ਉਮੀਦਵਾਰ ਅਤੇ ਨਾਨੇ-ਮੋ ਫਾਇਰ ਡਿਪਾਰਟਮੈਂਟ ਦੇ ਕਈ ਮੈਂਬਰ ਮੌਜੂਦ ਸਨ।

ਮਲਕੇਅਰ ਨੇ ਕਿਹਾ ਕਿ ਸਾਡੀ ਸਰਕਾਰ ਸੂਬਾ ਸਰਕਾਰਾਂ ਨਾਲ ਬੈਠ ਕੇ ਇਨ੍ਹਾਂ ਆਫ਼ਤਾਵਾਂ ਨਾਲ ਨਜਿਠਣ ਲਈ ਮਜ਼ਬੂਤ ਨੀਤੀ ਤਿਆਰ ਕਰੇਗੀ। ਇਸ ਦੇ ਨਾਲ ਨਾਲ 2 ਮਿਲੀਅਨ ਡਾਲਰ ਇਨ੍ਹਾਂ ਕੁਦਰਤੀ ਮੁਸੀਬਤਾਂ ਨਾਲ ਨਜਿਠਣ ਦੀ ਸਿਖਲਾਈ ਲਈ ਖਰਚ ਕੀਤਾ ਜਾਵੇਗਾ ਜੋ ਕਿ ਹਾਰਪਰ ਦੇ ਕਾਰ-ਜਕਾਲ ਵਿਚ ਕੱਟ ਕੀਤਾ ਗਿਆ ਹੈ।

ਐਨ ਡੀ ਪੀ ਪਾਰਟੀ ਵਲੋਂ ਵੈਨਕੂਵਰ ਆਈਲੈਂਡ ਇਲਾਕੇ ਵਿਚ ਵੱਧ ਤੋਂ ਵੱਧ ਸੀਟਾਂ ਜਿਤਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਥੇ ਰਿਟਾਇਰ ਹੋਣ ਵਾਲੇ ਐਮ ਪੀਆਂ ਦੇ 7 ਇਲਾਕੇ ਹਨ ਅਤੇ ਇਨ੍ਹਾਂ ਇਲਾਕਿਆਂ ਵਿਚ ਟੋਰੀ ਪਾਰਟੀ ਅਤੇ ਐਨ ਡੀ ਪੀ ਵਿਚਾਲੇ ਕਾਂਟੇ ਦੀ ਟੱਕਰ ਹੋਣ ਵਾਲੀ ਹੈ।

# ਡਾ. ਗਰੌਸਮੈਨ ਨੇ ਨਵੇਂ ਸਲੇਬਸ ਨੂੰ ਨਕਾਰਿਆ

... ਪੰਨਾ 1 ਦਾ ਬਾਕੀ

ਸ਼ਰਾਬ ਅਤੇ ਸਿਗਰਟ ਬਾਰੇ ਗੱਲ ਕਰਦਿਆਂ ਉਨ੍ਹਾਂ ਦਸਿਆ ਕਿ ਇਨ੍ਹਾਂ ਚੀਜ਼ਾ ਤੋਂ ਵਰਜਿਤ ਕਰਨ ਲਈ ਕਈ ਉਪਾਅ ਕੀਤੇ ਜਾਂਦੇ ਹਨ ਪਰ ਇਸ ਸਿਲੇਬਸ ਵਿਚ ਵਿਖਿਆਨ ਕੀਤੀਆਂ ਗਈਆਂ ਸੈਕਸ ਬਾਰੇ ਗੱਲਾਂ ਤੋਂ ਬਚਣ ਲਈ ਕੋਈ ਠੋਸ ਵਿਖਿਆਨ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਛੋਟੇ ਛੋਟੇ ਮਾਸੂਮ ਬੱਚਿਆਂ ਦਾ ਹਾਲੇ ਦਿਮਾਗ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋਇਆ ਹੁੰਦਾ ਕਿ ਉਸ ਨੂੰ ਇਸ ਢੰਗ ਦੀ ਸਿਖਿਆ ਬਾਰੇ ਸੋਚਿਆ ਜਾ ਰਿਹਾ ਹੈ। ਉਨ੍ਹਾਂ ਸਮਲਿੰਗੀ ਸੈਕਸ ਅਤੇ ਛੋਟੀ ਉਮਰ ਵਿਚ ਸੈਕਸ ਤੋਂ ਲੱਗਣ ਵਾਲੀਆਂ ਬੀਮਾਰੀਆਂ ਬਾਰੇ ਜਾਣਕਾਰੀ ਦਿਤੀ। ਉਨ੍ਹਾਂ ਕਿਹਾ ਕਿ ਹਰ ਚੀਜ਼ ਦੀ ਇੱਕ ਉਮਰ ਹੁੰਦੀ ਹੈ ਅਤੇ ਇਸ ਢੰਗ ਨਾਲ ਹੀ ਬੱਚਿਆਂ ਨੂੰ ਕਿਸੇ ਖ਼ਾਸ ਉਮਰ ਵਿਚ ਡਰਾਵਿੰਗ ਦੀ ਟਰੇਨਿੰਗ ਦਿਤੀ ਜਾ ਸਕਦੀ ਹੈ ਕਿਉਂਕਿ ਉਸ ਉਮਰ ਵਿਚ ਉਨ੍ਹਾਂ ਦਾ ਦਿਮਾਗ ਪੂਰਾ ਵਿਕਸਿਤ ਹੋ ਚੁਕਿਆ ਹੁੰਦਾ ਹੈ।

ਉਨ੍ਹਾਂ ਦਸਿਆ ਕਿ ਜਿਨ੍ਹਾਂ ਲੋਕਾਂ ਵਲੋਂ ਇਹ ਸਿਲੇਬਸ ਤਿਆਰ ਕੀਤਾ ਗਿਆ ਹੈ ਉਨ੍ਹਾਂ ਨੇ ਇਸ ਬਾਰੇ ਪੂਰੀ ਘੋਖ ਵਿਚਾਰ ਨਹੀਂ ਕੀਤੀ ਅਤੇ ਕੁੱਝ ਤਾਂ ਆਪ ਹੀ ਬੱਚਿਆਂ ਨਾਲ ਸ਼ਰੀਰਕ ਸ਼ੋਸ਼ਣ ਦੇ ਦੋਸ਼ਾਂ ਵਿਚ ਜੇਲ ਵਿਚ ਹਨ। ਬੱਚਿਆਂ ਦੀ ਸੈਕਸ ਸੁਰਖਿਆ ਬਾਰੇ ਬੋਲਦਿਆਂ ਡਾ. ਮਰਿਅਮ ਨੇ ਕਿਹਾ ਕਿ ਛੋਟੇ ਬੱਚਿਆਂ ਨੂੰ ਨਾਵਾਂ ਦੀ ਨਹੀਂ ਬਲਕਿ ਸਿਰਫ਼ ਪ੍ਰਾਈਵੇਟ ਅੰਗਾ ਦੀ ਜਾਣਕਾਰੀ ਹੀ ਕਾਫੀ ਹੈ। ਉਨ੍ਹਾਂ ਦਸਿਆ ਕਿ ਪ੍ਰਾਈਵੇਟ ਅੰਗਾ ਬਾਰੇ ਬੱਚਿਆਂ ਨੂੰ ਦਸਣਾ ਚਾਹੀਦਾ ਹੈ ਕਿ ਜਿਹੜੇ ਅੰਗ ਅਸੀਂ ਢੱਕ ਕੇ ਰੱਖਦੇ ਹਾਂ ਉਹ ਪ੍ਰਾਈਵੇਟ ਹਨ ਅਤੇ ਜੇ ਕੋਈ ਇਨ੍ਹਾਂ ਢੱਕੇ ਹੋਏ ਅੰਗਾ ਨਾਲ ਛੇੜਛਾੜ ਕਰਦਾ ਹੈ ਤਾਂ ਤੁਰੰਤ ਕਿਸੇ ਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਹੈ।

ਇਸ ਮੌਕੇ ਤੇ ਹੋਰ ਬੁਲਾਰਿਆ ਵਿਚ ਡਾਕਟਰ ਕੁਨਰ, ਜੋਤਵਿੰਦਰ ਸੋਢੀ, ਜੈਕ ਫਰਾਸਿਕਾ, ਫਿਲਜ਼ ਲੀ, ਖਾਲਿਦ ਮਹਿਮੂਦ, ਫਿਰਾਸ, ਕ੍ਰਿਸਟੀਨਾ ਲੂ, ਅਹਿਮਦ ਹਾਮੀਦ, ਜੋਹਨ, ਸ਼ੀਰੀ ਜਲਸੀਵਾਸ, ਗੀਤਾ ਮਲਿਕ ਅਤੇ ਬ੍ਰਿਗੇਡੀਅਰ ਨਵਾਬ ਸਿੰਘ ਸ਼ਾਮਲ ਸਨ।

ਇਸ ਮੌਕੇ ਤੇ ਖ਼ਾਸ ਤੌਰ ਤੇ ਪਹੁੰਚੇ ਕੰਸਰਵੇਟਿਵ ਐਮ ਪੀ ਪੀ ਮੋਂਟੀ ਮੈਕਨੌਟਨ ਵਲੋਂ ਵੀ ਸੰਬੋਧਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪਾਰਲੀਮੈਂਟ ਖੁਲ੍ਹਣ ਤੇ ਉਹ 1 ਲੱਖ 85 ਹਜ਼ਾਰ ਲੋਕਾਂ ਵਲੋਂ ਸਾਈਨ ਕੀਤੀ ਗਈ ਪਟੀਸ਼ਨ ਵੀ ਪਾਰਲੀਮੈਂਟ ਵਿਚ ਪੇਸ਼ ਕਰਨ ਵਾਲੇ ਹਨ। ਉਨ੍ਹਾਂ ਲੋਕਾਂ ਦੇ ਅੱਜ ਤੇ ਇਕੱਠ ਨੂੰ ਕਾਮਯਾਬ ਦਸਿਆ ਅਤੇ ਕਿਹਾ ਕਿ ਇਸ ਤਰ੍ਹਾਂ ਦੇ ਸਹਿਯੋਗ ਨਾਲ ਅਸੀਂ ਇਸ ਪਾਠਕ੍ਰਮ ਨੂੰ ਲਾਗੂ ਹੋਣ ਤੋਂ ਰੋਕ ਸਕਦੇ ਹਾਂ। ਮਿਸੀਸਾਗਾ ਮਾਲਟਨ ਤੋਂ ਕੰਸਰਵੇਟਿਵ ਉਮੀਦਵਾਰ ਜਗਦੀਸ਼ ਗਰੇਵਾਲ ਵਲੋਂ ਵੀ ਇਸ ਸੈਮੀਨਾਰ ਵਿਚ ਸ਼ਮੂਲੀਅਤ ਕੀਤੀ ਗਈ। ਇਸ ਦੇ ਨਾਲ ਨਾਲ ਸਕੂਲ ਟਰੱਸਟੀ ਹਰਕੀਰਤ ਸਿੰਘ ਵੀ ਇਸ ਮੌਕੇ ਮੌਜੂਦ ਸਨ। ਹੋਰ ਪਾਰਟੀਆਂ ਦੇ ਆਗੂਆਂ ਨੇ ਇਸ ਰੈਲੀ ਤੋਂ ਪਾਸਾ ਵੱਟੀ ਰੱਖਿਆ। ਕਈ ਬੁਲਾਰਿਆਂ ਵਲੋਂ ਸਤੰਬਰ ਮਹੀਨੇ ਸਕੂਲਾਂ ਦਾ ਬਾਈਕਾਟ ਕਰਨ ਦਾ ਸੱਦਾ ਵੀ ਦਿਤਾ ਗਿਆ ਹੈ।

ਡਾ: ਮਰੀਅਮ ਗਰੌਸਮੈਨ ਬੱਚਿਆਂ ਦੀ ਸਪੈਸ਼ਲਿਸਟ ਹੈ ਅਤੇ ਕਈ ਦੇਸ਼ਾਂ ਵਿੱਚ ਬੇਲੋੜੀ ਅਤੇ ਬੇ-ਉਮਰੀ ਸੈਕਸ ਵਿਦਿਆ ਦੇ ਨੁਕਸਾਨ ਬਾਰੇ ਜਨਤਕ ਇਕੱਠਾਂ ਨੂੰ ਸੰਬੋਧਨ ਕਰ ਚੁੱਕੀ ਹੈ। ਇਸ ਸਮਾਗਮ ਵਿਚ ਸ਼ਾਮਲ ਹੋਣ ਦੀ ਕੋਈ ਫੀਸ ਨਹੀਂ ਸੀ ਰੱਖੀ ਗਈ। ਰੈਡ ਰੋਜ਼ ਕਨਵੈਂਸ਼ਨ ਸੈਂਟਰ ਵਾਲਿਆਂ ਨੇ ਬੜੀ ਵਾਜ਼ਿਬ ਕੀਮਤ ਤੇ ਇਸ ਹਾਲ ਨੂੰ ਇਸ ਸੈਮੀਨਾਰ ਲਈ ਮੁਹੱਈਆ ਕਰਵਾਇਆ ਸੀ। ਜੋਤਵਿੰਦਰ ਸੋਢੀ ਨੇ ਕਿਹਾ ਕਿ ਅੱਜ ਦੀ ਇਹ ਵੱਡੀ ਰੈਲੀ ਇਸ ਗੱਲ ਦਾ ਸਬੂਤ ਹੈ ਕਿ ਲੋਕ ਇਸ ਸਿਲੇਬੱਸ ਤੋਂ ਬੇਹੱਦ ਨਰਾਜ਼ ਹਨ ਅਤੇ ਪ੍ਰੀਮੀਅਰ ਵਿਨ ਦੇ ਇਸ ਅੜਿਅਲ ਸੁਭਾਅ ਨਾਲ ਪਾਰਟੀ ਦਾ ਆਉਣ ਵਾਲੀਆਂ ਚੋਣਾਂ ਵਿਚ ਵੱਡਾ ਨੁਕਸਾਨ ਹੋਣ ਦੇ ਖ਼ਦਸ਼ੇ ਹਨ। ਉਨ੍ਹਾਂ ਹਾਲ ਦੇ ਮਾਲਕਾਂ ਦਾ ਅਤੇ ਸਾਰੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਬਾਰੇ ਹੋਰ ਜਾਣਕਾਰੀ ਲਈ 647-972-1800 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਮਾਂਪਿਆਂ ਦੇ ਰੋਹ ਤੋਂ ਬੌਖਲਾਏ ਲਿਬਰਲ ਆਗੂ ਭੱਦੀ ਸ਼ਬਦਾਵਲੀ ਤੇ ਉਤਾਰੂ : ਜੋਤਵਿੰਦਰ ਸੋਢੀ

* ਮੰਗਲਵਾਰ ਨੂੰ ਮਰੀਅਮ ਗਰੌਸਮੈਨ ਦੇ ਪ੍ਰੋਗਰਾਮ ਤੇ ਪਹੁੰਚਣ ਦੀ ਅਪੀਲ



ਬਰੈਂਪਟਨ (ਪੋਸਟ ਬਿਊਰੋ) : ਜੇਮਜ਼ ਪੌਟਰ ਸੀਨੀਅਰਜ਼ ਕਲੱਬ ਵਲੋਂ ਬੀਤੇ ਕੱਲ ਪੰਦਰਾਂ ਅਗੱਸਤ ਮਲਟੀ ਕਲਚਰਲ ਮੇਲਾ ਕਰਵਾਇਆ ਗਿਆ। ਇਸ ਮੌਕੇ ਜਿਥੇ ਵਖ ਵਖ ਪ੍ਰੋਗਰਾਮ ਆਯੋਜਿਤ ਕੀਤੇ ਗਏ ਉਥੇ ਕਈ ਸਿਆਸੀ ਆਗੂਆਂ ਵਲੋਂ ਵੀ ਸ਼ਮੂਲੀਅਤ ਕੀਤੀ ਗਈ। ਸੂਤਰਾਂ ਤੋਂ ਮਿਲੀਆਂ ਖਬਰਾਂ ਅਨੁਸਾਰ ਬਰੈਂਪਰਨ ਦੇ ਮੌਜੂਦਾ ਐਮ ਪੀ ਪੀ ਵਲੋਂ ਕਮਿਊਨਿਟੀ ਐਕਟੀਵਿਸਟ ਜੋਤਵਿੰਦਰ ਸੋਢੀ 'ਤੇ ਤਿੱਖੇ ਸਬਦੀ ਹਮਲੇ ਕੀਤੇ ਅਤੇ ਭੱਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ। ਬੀਤੇ ਦਿਨੀਂ ਸੋਸ਼ਲ ਮੀਡੀਆ ਤੇ ਵੀ ਇਸ ਐਮ ਪੀ ਪੀ ਵਲੋਂ ਸੋਢੀ ਨੂੰ ਮੂਰਖ (ਇਡੀਅਟ) ਕਹਿ ਕੇ ਸੰਬੋਧਨ ਕੀਤਾ ਗਿਆ ਸੀ।

ਜ਼ਿਕਰਯੋਗ ਹੈ ਕਿ ਹੋਵਾ ਦੇ ਪ੍ਰਧਾਨ ਜੋਤਵਿੰਦਰ ਸੋਢੀ ਲੰਬੇ ਸਮੇਂ ਤੋਂ ਲਿਬਰਲ ਸਰਕਾਰ ਵਲੋਂ ਪ੍ਰਸਥਾਪਿਤ ਸੈਕਸ ਸਿਖਿਆ ਪਾਠਕ੍ਰਮ ਦਾ ਵਿਰੋਧ ਕਰਦੇ ਆ ਰਹੇ ਹਨ ਅਤੇ ਇਸ ਸੰਬੰਧ ਵਿਚ ਕਈ ਵਡੀਆਂ ਰੈਲੀਆਂ, ਟਾਊਨ ਹਾਊਸ ਮੀਟਿੰਗਾਂ, ਕਾਰ ਰੈਲੀਆਂ ਅਤੇ ਸੀਨੀਅਰ ਕਲੱਬਾਂ ਨੂੰ ਇਸ ਬਾਰੇ ਸੰਬੋਧਨ ਕਰ ਚੁੱਕੇ ਹਨ। ਉਨ੍ਹਾਂ ਵਲੋਂ ਸੈਕਸ ਸਿਖਿਆਂ ਸਿਲੇਬਸ ਵਿਚ ਬਦਲਾਓ ਕਰਵਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ।

ਐਮ ਪੀ ਪੀ ਦੀ ਇਸ ਟਿਪਣੀ ਤੋਂ ਬਾਅਦ ਚਿੰਤਾਤੁਰ ਮਾਪੇਂ ਸਟੇਜ ਦੇ ਆਸ ਪਾਸ ਇਕੱਠਾ ਹੋ ਗਏ ਅਤੇ ਉਨ੍ਹਾਂ ਵਲੋਂ ਸੈਕਸ ਸਿਖਿਆ ਬਾਰੇ ਐਮ ਪੀ ਪੀ ਤੋਂ ਜਵਾਬਾਂ ਦੀ ਮੰਗ ਕੀਤੀ। ਇਸ ਮੌਕੇ ਐਨ ਡੀ ਪੀ ਐਮ ਪੀ ਪੀ ਵੀ ਮੌਜੂਦ ਸਨ ਅਤੇ ਉਨ੍ਹਾਂ ਤੋਂ ਵੀ ਮਾਂਪਿਆਂ ਨੇ ਆਪਣੇ ਪ੍ਰਸ਼ਨਾਂ ਦੇ ਜਵਾਬ ਮੰਗੇ।

ਪੰਜਾਬੀ ਪੋਸਟ ਨਾਲ ਗੱਲਬਾਤ ਕਰਦਿਆਂ ਜੋਤਵਿੰਦਰ ਸੋਢੀ ਨੇ ਕਿਹਾ ਕਿ ਐਮ ਪੀ ਪੀ ਵਲੋਂ ਵਰਤੀ ਗਈ ਅਸਭਿਆਚਾਰਕ ਭਾਸ਼ਾ ਬਹੁਤ ਹੀ ਨਿੰਦਣਯੋਗ ਕਾਰਵਾਈ ਹੈ ਅਤੇ ਉਨ੍ਹਾਂ ਨੇ ਤੁਰੰਤ ਇਸ ਐਮ ਪੀ ਪੀ ਨੂੰ ਜਨਤਕ ਮੁਆਫੀ ਮੰਗਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਇਸ ਢੰਗ ਦੀ ਭਾਸ਼ਾ ਕਦੇ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਪੰਜਾਬੀ ਰਾਜਨੀਤੀ ਦੀ ਯਾਦ ਦਿਵਾਉਂਦੀਆਂ ਹਨ। ਉਨ੍ਹਾਂ ਚਿੰਤਾ ਜ਼ਾਹਰ ਕੀਤੀ ਕਿ ਇਹ ਚੁਣੇ ਹੋਏ ਨੁਮਾਇੰਦੇ ਮੇਰਾ ਅਤੇ ਮੇਰੇ ਪਰਿਵਾਰ ਦਾ ਕੋਈ ਨੁਕਸਾਨ ਵੀ ਕਰਵਾ ਸਕਦੇ ਹਨ।

ਸੋਢੀ ਨੇ ਕਿਹਾ ਕਿ ਅਗਰ ਇਸ ਸਿਲੇਬਸ ਵਿਚ ਕੋਈ ਚੰਗਿਆਈ ਹੈ ਤਾਂ ਇਨ੍ਹਾਂ ਐਮ ਪੀ ਪੀਆਂ ਨੂੰ ਜਨਤਕ ਸੈਮੀਨਾਰ ਕਰਵਾ ਕੇ ਲੋਕਾਂ ਨੂੰ ਇਸ ਚੰਗਿਆਈ ਬਾਰੇ ਦਸਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦੂਜੇ ਪਾਸੇ ਮਾਂਪਿਆਂ ਵਲੋਂ ਇਸ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਕਿ ਇਸ ਸਿਲੇਬਸ ਵਿਚ ਕੀ ਮਾੜਾ ਹੈ।

ਸੋਢੀ ਨੇ ਕਮਿਊਨਿਟੀ ਨੂੰ ਅਪੀਲ ਕੀਤੀ ਹੈ ਕਿ ਹੋਵਾ ਅਤੇ ਕੈਨੇਡੀਅਨ ਫੈਮਿਲੀ ਅਲਾਇੰਸ ਵਲੋਂ ਆਯੋਜਿਤ ਮੰਗਲਵਾਰ 18 ਅਗਸਤ ਨੂੰ ਅਮਰੀਕਾ ਦੀ ਮਾਹਰ ਡਾਕਟਰ ਮਰੀਅਮ ਗਰੌਸਮੈਨ ਦੇ ਪ੍ਰੋਗਰਾਮ ਤੇ ਵੱਧ ਚੜ ਕੇ ਸ਼ਮੂਲੀਅਤ ਕੀਤੀ ਜਾਵੇ। ਇਹ ਪ੍ਰੋਗਰਾਮ ਰੈੱਡ ਰੋਜ਼ ਕੰਨਵੈਨਸ਼ਨ ਸੈਂਟਰ(1233 ਡੈਰੀ ਰੋਡ ਈਸਟ ਨਜ਼ਦੀਕ ਡਿਕਸੀ ਗੁਰਦਵਾਰਾ) ਵਿੱਚ ਅਯੋਜਿਤ ਕੀਤਾ ਜਾ ਰਿਹਾ ਹੈ। ਸੋਢੀ ਨੇ ਕਿਹਾ ਕਿ ਡਾ: ਮਰੀਅਮ ਗਰੌਸਮੈਨ ਬੱਚਿਆਂ ਦੀ ਸਪੈਸ਼ਲਿਸਟ ਹੈ ਅਤੇ ਕਈ ਦੇਸ਼ਾਂ ਵਿੱਚ ਬੇਲੋੜੀ ਅਤੇ ਬੇ-ਉਮਰੀ ਸੈਕਸ ਵਿਦਿਆ ਦੇ ਨੁਕਸਾਨ ਬਾਰੇ ਜਨਤਕ ਇਕੱਠਾਂ ਨੂੰ ਸੰਬੋਧਨ ਕਰ ਚੁੱਕੀ ਹੈ। ਇਸ ਸਮਾਗਮ ਵਿੱਚ ਸ਼ਾਮਲ ਹੋਣ ਦੀ ਕੋਈ ਫੀਸ ਨਹੀਂ ਹੈ। ਮਾਪਿਆਂ ਨੂੰ ਬੇਨਤੀ ਹੈ ਕਿ ਆਪਣੇ ਬੱਚਿਆਂ ਦੀ ਸੁਰੱਖਿਆ ਵਾਸਤੇ ਇਸ ਸਮਾਗਮ ਵਿੱਚ ਭਾਗ ਲੈਣ ਅਤੇ ਇਸ ਕਿਸਮ ਦੇ ਸੈਕਸ ਸਲੇਬਸ ਦੇ ਮਾਰੂ ਨਤੀਜਿਆਂ ਤੋਂ ਜਾਣੂ ਹੋਣ। ਇਸ ਬਾਰੇ ਹੋਰ ਜਾਣਕਾਰੀ ਲਈ 647-972-1800 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਟੈਕਸ ਛੋਟਾਂ ਦੇ ਵਾਅਦਿਆਂ ਨਾਲ ਲੈਸ ਟਰੂਡੋ ਦੀ ਉਂਟੇਰੀਓ ਚੋਣ ਮਹਿੰਮ



ਟੋਰਾਂਟੋ (ਪੋਸਟ ਬਿਊਰੋ) : ਜਸਟਿਨ ਟਰੂਡੋ ਵਲੋਂ ਆਪਣੇ ਚੋਣ ਪ੍ਰਚਾਰ ਦੌਰਾਨ ਲਿਬਰਲ-ਐਨ ਡੀ ਪੀ ਵਿਚ ਕਿਸੇ ਢੰਗ ਦੇ ਗਠਜੋੜ ਤੋਂ ਇਨਕਾਰ ਕੀਤਾ ਗਿਆ ਹੈ। ਸਟੀਫਨ ਹਾਰਪਰ ਅਤੇ ਕੰਸਰਵੇਟਿਵ ਪਾਰਟੀ ਨੂੰ ਸੱਤਾ ਤੋਂ ਦੂਰ ਰੱਖਣ ਲਈ 19 ਅਕਤੂਬਰ ਦੀਆਂ ਚੋਣਾਂ ਵਿਚ ਐਨ ਡੀ ਪੀ ਅਤੇ ਲਿਬਰਲਾਂ ਦਰਮਿਆਨ ਕਿਸੇ ਗਠਜੋੜ ਦੇ ਆਸਾਰ ਹੁਣ ਘੱਟ ਦਿਖਾਈ ਦੇਣ ਲਗੇ ਹਨ।

ਜਸਟਿਨ ਟਰੂਡੋ ਨੇ ਕਿਹਾ ਹੈ ਕਿ ਉਹ ਰਸਮੀ ਗਠਜੋੜਾਂ ਤੇ ਵਿਸ਼ਵਾਸ ਨਹੀਂ ਕਰਦੇ ਪਰ ਉਹ ਹਾਊਸ ਆਫ਼ ਕਾਮਨਜ਼ ਵਿਚ ਕੈਨੇਡੀਅਨ ਲੋਕਾਂ ਵਲੋਂ ਚੁਣੇ ਹੋਏ ਹੋਰ ਮੈਂਬਰ ਪਾਰਲੀਮੈਂਟਾਂ ਨਾਲ ਕੰਮ ਕਰਨ ਲਈ ਤਿਆਰ ਹਨ। ਜਸਟਿਨ ਟਰੂਡੋ ਨੇ ਮੱਧ ਵਰਗ ਦੇ ਪੇਅਚੈਕ ਵਿਚ ਸੁਧਾਰ ਦੀ ਗੱਲ ਕਰਦਿਆਂ ਕਿਹਾ ਕਿ ਨਿਊ ਡੈਮੋਕਰੈਟ ਪਾਰਟੀ ਕੋਲ ਆਰਥਿਕਤਾ ਬਾਰੇ ਕੋਈ ਠੋਸ ਨੀਤੀ ਨਹੀਂ ਹੈ ਅਤੇ ਥਾਮਸ ਮਲਕੇਅਰ ਨਾਲ ਸੱਤਾ ਸਾਂਝੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਮੈਂ ਬੰਦ ਕਮਰਿਆਂ ਵਿਚ ਸਮਝੌਤੇ ਕੀਤੇ ਜਾਣ ਦੇ ਖਿਲਾਫ਼ ਹਾਂ। ਉਨ੍ਹਾਂ ਕਿਹਾ ਕਿ ਕੈਨੇਡੀਅਨ ਲੋਕਾਂ ਕੋਲ ਚੋਣ ਲਈ ਇਸ ਵਕਤ ਪੂਰੀ ਪਸੰਦ ਉਪਲਬਧ ਹੈ ਅਤੇ ਉਨ੍ਹਾਂ ਨੂੰ ਸੋਚ ਸਮਝ ਕੇ ਉਸ ਪਾਰਟੀ ਨੂੰ ਵੋਟ ਪਾਉਣੀ ਚਾਹੀਦੀ ਹੈ ਜਿਸ ਕੋਲ ਵਧੀਆਂ ਯੋਜਨਾਵਾਂ ਹਨ।

ਜਸਟਿਨ ਟਰੂਡੋ ਨੇ ਕਿਹਾ ਕਿ ਐਨ ਡੀ ਪੀ ਕਾਰਪੋਰੇਸ਼ਨਾਂ ਤੇ ਟੈਕਸ ਲਾਉਣਾ ਚਾਹੁੰਦੀ ਹੈ ਜਿਸ ਨਾਲ ਕਿ ਆਰਥਿਕ ਤਰੱਕੀ ਰੁਕ ਸਕਦੀ ਹੈ। ਪਰ ਐਨ ਡੀ ਪੀ ਪਾਰਟੀ ਕੋਲ ਇਨੀਂ ਜੁਰਅਤ ਨਹੀਂ ਕਿ ਉਹ ਵਧੇਰੇ ਕਮਾਉਣ ਵਾਲਿਆਂ ਤੇ ਟੈਕਸ ਦਾ ਸ਼ਿਕੰਜਾ ਕਸੱਣ ਜਿਸ ਨਾਲ ਮੱਧ ਵਰਗ ਨੂੰ ਟੈਕਸਾਂ ਤੋਂ ਰਾਹਤ ਮਿਲੇ। ਉਨ੍ਹਾਂ ਕਿਹਾ ਕਿ ਲਿਬਰਲ ਸਰਕਾਰ ਅਮੀਰਾਂ ਤੇ ਟੈਕਸ ਲਗਾਵੇਗੀ ਜਦਕਿ 44,000 ਡਾਲਰ ਤੋਂ 89,000 ਡਾਲਰ ਬਣਾਉਣ ਵਾਲਿਆਂ ਨੂੰ ਟੈਕਸ ਵਿਚ ਛੋਟ ਦਿਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਨਾ ਸਿਰਫ਼ ਨਵੀਂ ਸਰਕਾਰ ਹੀ ਚਾਹੀਦੀ ਹੈ ਬਲਕਿ ਮੱਧ ਵਰਗ ਦੇ ਵਿਕਾਸ ਲਈ ਇਕ ਸਾਰਥਕ ਯੋਜਨਾ ਦੀ ਵੀ ਲੋੜ ਹੈ। ਉਨ੍ਹਾਂ ਕਿਹਾ ਕਿ ਲਿਬਰਲ ਸਰਕਾਰ ਅਮੀਰਾਂ ਨੂੰ ਸਰਕਾਰੀ ਚੈਕ ਦੇਣੇ ਬੰਦ ਕਰੇਗੀ ਅਤੇ ਦੂਜੇ ਪਾਸੇ ਮੱਧ ਵਰਗ ਅਤੇ ਘੱਟ ਕਮਾਉਣ ਵਾਲੇ ਪਰਿਵਾਰਾਂ ਨੂੰ ਵਧੇਰੇ ਸਹੂਲਤਾਂ ਦੇਵੇਗੀ।

ਲਿਬਰਲ ਆਗੂ ਨੇ ਨਵੇਂ ਟੈਕਸ ਫਰੀ ਚਾਈਲਡ ਬੈਨੀਫਿਟ ਦੀ ਵੀ ਗੱਲ ਕਹੀ ਜਿਸ ਨਾਲ ਲੋੜਵੰਦਾ ਦੀਆਂ ਜੇਬਾਂ ਵਿਚ ਵਧੇਰੇ ਡਾਲਰ ਪਾਏ ਜਾਣਗੇ।

ਪੱਤਰਕਾਰਾਂ ਵਲੋਂ ਹਾਈਡਰੋ ਵੰਨ ਨੂੰ ਪ੍ਰਾਈਵੇਟ ਕਰਨ ਬਾਰੇ ਲਿਬਰਲ ਸਰਕਾਰ ਅਤੇ ਵਿੰਨ ਦੀ ਪੁਲੀਸ ਪੜਤਾਲ ਬਾਰੇ ਕੀਤੇ ਪ੍ਰਸ਼ਨਾਂ ਤੋਂ ਜਸਟਿਨ ਟਰੂਡੋ ਨੇ ਪਾਸਾ ਵੱਟ ਲਿਆ। ਹਾਈਡਰੋ ਵਨ ਨੂੰ ਪ੍ਰਾਈਵੇਟ ਕਰਨ ਅਤੇ ਸੈਕਸ ਸਿਖਿਆ ਸਿਲੇਬਸ ਨੂੰ ਲਾਗੂ ਕਰਨ ਦੇ ਮਸਲੇ ਤੇ ਲਿਬਰਲਾਂ ਨੂੰ ਭਾਰੀ ਕੀਮਤ ਚੁਕਾਉਣੀ ਪੈ ਸਕਦੀ ਹੈ।

# ਟਰੂਡੋ ਵਲੋਂ ਕੰਮ ਲਈ ਲਚਕੀਲੇ ਘੰਟਿਆਂ ਦਾ ਵਾਅਦਾ




ਵਿਨੀਪੈਗ (ਪੋਸਟ ਬਿਊਰੋ) : ਲਿਬਰਲ ਆਗੂ ਜਸਟਿਨ ਟਰੂਡੋ ਵਲੋਂ ਆਪਣੀ ਚੋਣ ਮੁਹਿੰਮ ਵਿਚ ਅੱਜ ਇਕ ਹੋਰ ਵੱਡਾ ਵਾਅਦਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਲਿਬਰਲ ਸਰਕਾਰ ਦੇ ਰਾਜ ਵਿਚ ਫੈਡਰਲ ਲੇਬਰ ਲਾਅ ਹੇਠ ਆਉਣ ਵਾਲੇ ਮੁਲਾਜ਼ਮਾਂ ਨੂੰ ਆਪਣੇ ਕੰਮ ਦੇ ਘੰਟਿਆਂ ਵਿਚ ਫੇਰ ਬਦਲ ਕਰਨ ਦਾ ਹੱਕ ਦਿਤਾ ਜਾਵੇਗਾ। ਇਸ ਯੋਜਨਾ ਨਾਲ 1 ਮਿਲੀਅਨ ਦੇ ਲੱਗਭਗ ਵਰਕਰ ਆਪਣੇ ਕੰਮ ਅਤੇ ਪਰਿਵਾਰ ਦੀ ਜਰੂਰਤਾਂ ਅਨੁਸਾਰ ਆਪਣੇ ਕੰਮ ਦੇ ਘੰਟੇ ਨਿਸ਼ਚਿਤ ਕਰ ਸਕਣਗੇ।

ਜਸਟਿਨ ਟਰੂਡੋ ਨੇ ਵਿਨੀਪੈਗ ਵਿਚ ਇੱਕ ਰੈਲੀ ਦੌਰਾਨ ਕਿਹਾ ਕਿ ਫੈਡਰਲ ਵਰਕਰਾਂ ਨੂੰ ਇਹ ਹੱਕ ਦਿਤਾ ਜਾਵੇਗਾ ਕਿ ਉਹ ਆਪਣੇ ਬਾਸ ਨੂੰ ਕੰਮ ਦੀ ਸ਼ੁਰੂਆਤ ਅਤੇ ਖਤਮ ਕਰਨ ਦੇ ਸਮੇਂ ਵਿਚ ਫੇਰ ਬਦਲ ਜਾਂ ਘਰ ਤੋਂ ਕੰਮ ਕਰਨ ਦੀ ਛੋਟ ਲਈ ਕਹਿ ਸਕੇਗਾ।

ਉਨ੍ਹਾਂ ਕਿਹਾ ਕਿ ਕੈਨੇਡੀਅਨ ਲੋਕ ਜਿਸ ਢੰਗ ਨਾਲ ਕੰਮ ਕਰ ਰਹੇ ਹਨ ਜਾਂ ਰਹਿ ਰਹੇ ਹਨ, ਉਹ ਬਦਲ ਰਿਹਾ ਹੈ। ਟਰੂਡੋ ਨੇ ਕਿਹਾ ਕਿ ਹੁਣ ਦੇਖਣਾ ਇਹ ਹੈ ਕਿ ਉਤਪਾਦਨ ਕਿਸ ਢੰਗ ਨਾਲ ਵਧਾਇਆ ਜਾ ਸਕਦਾ ਹੈ ਅਤੇ ਲੋਕਾਂ ਦੀ ਜਿੰਦਗੀ ਕਿਵੇਂ ਬਿਹਤਰ ਬਣਾਈ ਜਾ ਸਕਦੀ ਹੈ ਜਿਸ ਨਾਲ ਆਰਥਿਕਤਾ ਵਿਚ ਵੀ ਵਿਕਾਸ ਹੋਵੇ।

ਟਰੂਡੋ ਨੇ ਕਿਹਾ ਕਿ ਲਿਬਰਲ ਸਰਕਾਰ ਕੈਨੇਡਾ ਲੇਬਰ ਕੋਡ ਵਿਚ ਸੋਧ ਕਰੇਗੀ ਅਤੇ ਸੂਬਾਂ ਸਰਕਾਰਾਂ ਜਾਂ ਸਥਾਨਕ ਸਰਕਾਰਾਂ ਨਾਲ ਰੱਲ ਕੇ ਇਹ ਯਕੀਨੀ ਬਣਾਉਣਗੇ ਕਿ ਇਸ ਤਰ੍ਹਾਂ ਦੇ ਹੱਕ ਉਨ੍ਹਾਂ ਨੂੰ ਵੀ ਮੁਹੱਈਆ ਕਰਵਾਏ ਜਾ ਸਕਣ।

ਲਿਬਰਲ ਦੀ ਇਸ ਯੋਜਨਾ ਵਿਚ ਕਾਮਿਆਂ ਨੂੰ ਇਹ ਹੱਕ ਹੋਵੇਗਾ ਕਿ ਉਹ ਆਪਣੇ ਕੰਮ ਦੇ ਘੰਟਿਆਂ ਵਿਚ ਤਬਦੀਲੀ ਲਈ ਬੇਨਤੀ ਕਰ ਸਕਣ ਪਰ ਇਸ ਯੋਜਨਾ ਵਿਚ ਕਾਰੋਬਾਰੀ ਬਾਰੇ ਕੋਈ ਯੋਜਨਾ ਨਹੀਂ ਹੈ ਕਿ ਉਹ ਇਸ ਦੀ ਇਜ਼ਾਜ਼ਤ ਦੇਵੇ।

ਟਰੂਡੋ ਨੇ ਕਿਹਾ ਕਿ ਹਰ ਤਬਦੀਲੀ ਦੀ ਬੇਨਤੀ ਦਾ ਜਵਾਬ ਕਾਰੋਬਾਰੀ ਨੂੰ ਲਿਖਤੀ ਰੂਪ ਵਿਚ ਦੇਣਾ ਜਰੂਰੀ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀ ਸਕੀਮ 'ਚ ਇੰਗਲੈਂਡ ਅੰਦਰ 80 ਫੀਸਦੀ ਬੇਨਤੀਆਂ ਨੂੰ ਕਾਰੋਬਾਰੀਆਂ ਵਲੋਂ ਸਵੀਕਿਰਤੀ ਦਿਤੀ ਗਈ ਹੈ।

ਲਿਬਰਲ ਆਗੂ ਨੇ ਕਿਹਾ ਕਿ ਇਹ ਸਿਰਫ਼ ਉਨ੍ਹਾਂ ਹਲਾਤਾਂ ਵਿਚ ਹੈ ਜਿਥੇ ਲੋਕ ਕੰਮ ਅਤੇ ਆਪਣੀ ਨਿੱਜੀ ਜੀਵਨ ਵਿਚ ਅਨੁਕੂਲਤਾ ਲਿਆਉਣਾ ਚਾਹੁੰਦੇ ਹਨ।

# ਮਲਕੇਅਰ ਵੱਲੋਂ ਬੀ ਸੀ ਵਿਖੇ 110,000 ਚਾਈਲਡ ਡੇਅ ਕੇਅਰ ਸੈਂਟਰ ਖੋਲ੍ਹੇ ਜਾਣ ਦਾ ਵਾਅਦਾ




ਵੈਨਕੂਵਰ (ਪੋਸਟ ਬਿਊਰੋ) : ਐਨ.ਡੀ.ਪੀ. ਲੀਡਰ ਟੌਮ ਮਲਕੇਅਰ ਵੱਲੋਂ ਆਪਣੀ ਪਾਰਟੀ ਦੁਆਰਾ ਚਾਈਲਡ ਕੇਅਰ ਪ੍ਰੋਗਰਾਮਾਂ ਵਿਚ ਕੀਤੀ ਜਾਂਦੀ ਸ਼ਮੂਲੀਅਤ ਨੂੰ ਹੋਰ ਅੱਗੇ ਵਧਾਉਂਦਿਆਂ ਇਕ ਹੋਰ ਵੱਡਾ ਐਲਾਨ ਕੀਤਾ ਗਿਆ ਹੈ। ਮਲਕੇਅਰ ਵੱਲੋਂ ਇਹ ਵਾਅਦਾ ਕੀਤਾ ਗਿਆ ਹੈ ਕਿ ਉਸ ਦੀ ਪਾਰਟੀ ਵੱਲੋਂ ਬ੍ਰਿਟਿਸ਼ ਕੋਲੰਬਿਆ ਵਿਖੇ 110,000 ਡੇਅ ਕੇਅਰ ਸਪੇਸਿਸ ਖੋਲ੍ਹੀਆਂ ਜਾਣਗੀਆਂ। ਬ੍ਰਿਟਿਸ਼ ਕੋਲੰਬੀਆਂ ਵਿਖੇ ਮਾਤਾ-ਪਿਤਾ ਵੱਲੋਂ ਆਪਣੇ ਬੱਚਿਆਂ ਦੇ ਡੇਅ ਕੇਅਰ ਲਈ ਸਭ ਨਾਲੋਂ ਵੱਧ ਫ਼ੀਸ ਭਰਨੀ ਪੈਂਦੀ ਹੈ।

ਮਲਕੇਅਰ ਨੇ ਕਿਹਾ ਕਿ ਉਨ੍ਹਾਂ ਦੀ ਯੋਜਨਾ ਨਾਲ ਸੂਬੇ ਵਿਚਲੇ ਕਈ ਪਰਿਵਾਰਾਂ ਨੂੰ ਸੌਖ ਹੋਵੇਗੀ, ਜਿਨ੍ਹਾਂ ਕੋਲ ਤਿੰਨ ਬੱਚਿਆਂ ਵਿਚੋਂ ਦੋ ਨੂੰ ਚਾਈਲਡ ਕੇਅਰ ਦੀ ਲੋੜ ਹੈ, ਜਾਂ ਜਿਥੇ ਦੋ ਨਾਲੋਂ ਵਧੇਰੇ ਬੱਚੇ ਚਾਈਲਡ ਕੇਅਰ ਵਿਚ ਛੱਡਣੇ ਪੈਂਦੇ ਹਨ। ਮਲਕੇਅਰ ਨੇ ਕਿਹਾ ਕਿ ਮੇਰੀ ਅਜਿਹੀਆਂ ਕਈ ਔਰਤਾਂ ਨਾਲ ਗੱਲਬਾਤ ਹੋਈ ਹੈ, ਜਿਨ੍ਹਾਂ ਨੂੰ ਆਪਣੇ ਕਰੀਅਰ ਅਤੇ ਬੱਚਿਆਂ ਵਿਚ ਚੋਣ ਕਰਨੀ ਪੈਂਦੀ

ਹੈ ਅਤੇ ਮਜਬੂਰਨ ਬੱਚਿਆਂ ਦੀ ਖਾਤਰ ਆਪਣੇ ਕਰੀਅਰ ਨੂੰ ਛੱਡਣਾ ਪੈਂਦਾ ਹੈ। ਇਹ ਗੱਲਬਾਤ ਮਲਕੇਅਰ ਵੱਲੋਂ ਵੈਨਕੂਵਰ ਵਿਖੇ ਕੀਤੇ ਜਾ ਰਹੇ ਚੋਣ ਅਭਿਆਨ ਦੌਰਾਨ ਕੀਤੀ ਗਈ। ਔਰਤਾਂ ਵੱਲੋਂ ਬੱਚਿਆਂ ਅਤੇ ਘਰ ਦੀ ਖਾਤਰ ਦਿੱਤੇ ਜਾਂਦੇ ਬਲੀਦਾਨਾਂ ਦੀ ਗੱਲ ਕਰਦਿਆਂ ਮਲਕੇਅਰ ਨੇ ਕਿਹਾ ਕਿ ਮੇਰੇ ਵੱਲੋਂ ਪੇਸ਼ ਕੀਤੀ ਗਈ ਯੋਜਨਾ ਇਨਹਾਂ ਮਿਹਨਤੀ ਔਰਤਾਂ ਨੂੰ ਆਪਣੇ ਕਰੀਅਰ ਦੀ ਮੁੜ ਸ਼ੁਰੂਆਤ ਕਰਨ ਲਈ ਪ੍ਰੇਰਿਤ ਕਰੇਗੀ। ਨਵੇਂ ਖੋਲ੍ਹੇ ਜਾਣ ਵਾਲੇ ਚਾਈਲਡ ਕੇਅਰ ਸੈਂਟਰਾਂ ਵਿਚ ਬੱਚਿਆਂ ਦੀ ਪੂਰੀ ਦੇਖਭਾਲ ਕੀਤੀ ਜਾਵੇਗੀ, ਜਿੱਥੇ ਸਿਰਫ਼ ਦਿਨ ਦੇ 15 ਡਾਲਰ ਹੀ ਫ਼ਿਸ ਦੇਣੀ ਪਵੇਗੀ। ਹਾਲ ਦੀ ਘੜੀ ਪਰਿਵਾਰਾਂ ਵੱਲੋਂ ਪ੍ਰਤੀ ਮਹੀਨਾ 1215 ਡਾਲਰ ਦੀ ਫ਼ਿਸ ਆਪਣੇ ਬੱਚਿਆ ਦੇ ਗੇਅ ਕੇਅਰ ਲਈ ਦੇਣੀ ਪੈਂਦੀ ਹੈ, ਅਤੇ ਜਿਨ੍ਹਾਂ ਪਰਿਵਾਰਾਂ ਵਿਚ ਦੋ ਜਾ ਦੋ ਤੋਂ ਵੱਧ ਬੱਚੇ ਡੇਅ ਕੇਅਰ ਵਿਚ ਛੱਡਣੇ ਪੈਂਦੇ ਹਨ, ਉਨ੍ਹਾਂ ਲਈ ਇਹ ਫ਼ੀਸ ਬਹੁਤ ਵੱਡੀ ਰਕਮ ਬਣ ਜਾਂਦੀ ਹੈ।

# ਵਿਲੱਖਣ ਸ਼ਖਸ਼ੀਅਤ ਮਾਰਟਿਨ ਸਿੰਘ ਬਰੈਪਟਨ ਨਾਰਥ ਤੋਂ ਐਨ ਡੀ ਪੀ ਉਮੀਦਵਾਰ



ਬਰੈਪਟਨ ਉੱਤਰੀ ਹਲਕੇ ਤੋਂ ਐਨ ਡੀ ਪੀ ਉਮੀਦਵਾਰ ਮਾਰਟਿਨ ਸਿੰਘ ਸੂਝਵਾਨ ਪੜਿਆ ਲਿਖਿਆ ਅਤੇ ਓੱਚ ਪ੍ਰੀਵਾਰਕ ਕਦਰਾਂ ਕੀਮਤਾਂ ਦਾ ਧਾਰਨੀ ਹੈ। ਸਿੱਧਾ ਸਾਦਾ ਬੋਲਚਾਲ,ਹਰ ਗੱਲ ਬਹੁਤ ਹੀ ਨਾਪ ਤੋਲ ਕੇ ਕਰਨਾ ਉਸਦੀ ਸ਼ਖਸ਼ੀਅਤ ਨੂੰ ਹੋਰ ਵੀ ਨਿਖਾਰਦਾ ਹੈ।ਲੋੜਵੰਦ ਦੀ ਮਦਦ ਲਈ ਹਰ ਵੇਲੇ ਤੱਤਪਰ ਰਹਿਣਾ ਅਤੇ ਧਾਰਮਿਕ ਅਕੀਦੇ ਵਿੱਚ ਪ੍ਰਪੱਕ ਰਹਿੰਦੇ ਹੋਏ,ਹਰ ਇੱਕ ਨੂੰ ਬਰਾਬਰ ਸਮਝਣਾ। ਇਹ ਗੁਣ ਪ੍ਰਮਾਤਮਾ ਨੇ ਮਾਰਟਿਨ ਸਿੰਘ ਦੇ ਧੁਰ ਅੰਦਰ ਪੈਦਾ ਕੀਤੇ ਹਨ। ਮਾਰਟਿਨ ਸਿੰਘ ਬਚਪਨ ਤੋਂ ਹੀ ਰੱਬ ਅਤੇ ਸਿਆਸਤ ਬਾਰੇ ਸੋਚਦੇ ਰਹਿੰਦੇ। ਵਿਰਸੇ ਵਿਚ ਉਨ੍ਹਾ ਨੂੰ ਜਿਹੜਾ ਧਰਮ ਮਿਲਿਆ, ਅਪਣਾ ਲਿਆ। ਪਰ ਦਿਲੋਂ ਉਹ ਉਸ ਨਾਲ ਸਹਿਮਤ ਹੁੰਦੇ ਹੋਏ ਵੀ ਕੁੱਝ ਹੋਰ ਅੱਛੇ ਦੀ ਭਾਲ ਵਿਚ ਸਨ। ਇਸ ਕਰਕੇ ਉਨ੍ਹਾ ਨੇ ਕੁੱਝ ਮੁੱਖ ਧਰਮਾਂ ਦੀ ਤੁਲਨਾਤਮਿਕ ਪੜ੍ਹਾਈ ਕੀਤੀ। ਬਹੁਤ ਕੁੱਝ ਪੜ੍ਹਨ ਦੇ ਬਾਵਜੂਦ ਵੀ ਉਹ ਸੰਤੁਸ਼ਟ ਨਹੀਂ ਸਨ। ਇਕ ਦਿਨ ਉਹ ਪੋਲੀਟੀਕਲ ਯੂਥ ਦੀ ਕਾਂਫ੍ਰੰਸ ਦੇ ਸਿਲਸਿਲੇ 'ਚ ਕੈਲਗਿਰੀ ਗਏ ਹੋਏ ਸਨ ਜਿੱਥੇ ਕੁੱਝ ਪ੍ਰਕਾਸ਼ ਕੀਤੇ ਹੋਏ ਦਾਹੜੇ ਤੇ ਸੋਹਣੀਆਂ ਸਜਾਈਆਂ ਹੋਈਆ ਪੱਗਾਂ ਵਾਲੇ ਸਿੱਖ ਨੌਜਵਾਨ ਵੀ ਆਏ ਹੋਏ ਸਨ। ਮਾਰਟਿਨ ਸਿੰਘ ਨੇ ਉਹਨਾਂ ਨੂੰ ਕਿਹਾ ਕਿ ਮੈਂ ਤੁਹਾਡੇ ਧਰਮ ਬਾਰੇ ਜਾਣਨਾ ਚਾਹੁੰਦਾ ਹਾ।ਉਹਨਾਂ ਨੇ ਇੰਗਲਿਸ਼ ਵਿੱਚ ਚੰਗੀਆਂ ਕਿਤਾਬਾਂ ਮਾਰਟਿਨ ਸਿੰਘ ਨੂੰ ਹਾਲੀਫੈਕਸ ਭੇਜੀਆਂ। ਇਨ੍ਹਾ ਕਿਤਾਬਾਂ ਦੇ ਪੜ੍ਹਨ ਉਪਰੰਤ ਮਾਰਟਿਨ ਸਿੰਘ ਨੂੰ ਇਹ ਤਾਂ ਤਸੱਲੀ ਹੋ ਗਈ ਕਿ ਜੋ ਕੁੱਝ ਉਹ ਲੱਭ ਰਿਹਾ ਸੀ ਉਹ ਉਸ ਨੂੰ ਮਿਲ ਗਿਆ ਹੈ। ਆਖਰ ਨੂੰ ਮਾਰਟਿਨ ਸਿੰਘ "ਸਿੰਘ' ਸਜ ਗਿਆ। ਉਸ ਨੇ ਉਸ ਧਰਮ ਨੂੰ ਆਪਣਾਇਆ ਜੋ ਨਵਾਂ ਨਿਰੋਆ ਹੈ, ਜ਼ਿਆਦਾ ਸਾਈਂਟੇਫਿਕ ਤੇ

ਨਿਰੋਲ ਸੱਚ ਹੈ। ਜੁਲਾਈ 1997 ਵਿਚ ਮਾਰਟਿਨ ਸਿੰਘ ਆਪਣੇ ਦੋਸਤ ਦਲਵਿੰਦਰ ਸਿੰਘ ਔਜਲਾ ਨੂੰ ਨਾਲ ਲੈ ਕੇ ਅੰਮ੍ਰਿਤਸਰ, "ਜੋ ਸਿੱਖ ਧਰਮ, ਪੰਜਾਬ ਦੀਆਂ ਸਿਆਸੀ-ਗਤੀਵਿਧੀਆਂ ਅਤੇ ਸੱਭਿਆਚਾਰ ਦਾ ਕੇਂਦਰੀ ਸ਼ਹਿਰ ਮੰਨਿਆ ਜਾਂਦਾ ਹੈ" ਪਹੁੰਚ ਗਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰੋ. ਗੁਰਸ਼ਰਨਜੀਤ ਸਿੰਘ ਅਤੇ ਪਰਸ਼ੋਤਮ ਕੌਰ ਲਾਇਬਰੇਰੀਅਨ ਦੀ ਮੱਦਦ ਨਾਲ ਮਾਰਟਿਨ ਸਿੰਘ ਨੇ ਇਕ ਸਾਦੇ ਜਿਹੇ ਪ੍ਰੀਵਾਰ ਦੀ ਬੱਚੀ ਅਮਨਦੀਪ ਕੌਰ ਭੁੱਲਰ, ਜਿਸ ਨੇ ਪੰਜਾਬੀ ਵਿਚ ਐਮ.ਏ. ਕੀਤੀ ਹੋਈ ਹੈ, ਨਾਲ ਵਿਆਹ ਕਰਵਾਉਣਾ ਨਿਸ਼ਚਤ ਕਰ ਲਿਆ। ਦੋ ਬੇਟਿਆਂ ਤੇ ਇਕ ਬੇਟੀ ਦੇ ਮਾਂ-ਬਾਪ ਦੇ ਤੌਰ ਤੇ ਇਕ ਵਧੀਆ ਪ੍ਰੀਵਾਰਕ ਜ਼ਿੰਦਗੀ ਜਿਉਂ ਰਹੇ ਹਨ ਭਾਂਵੇਂ ਇਹ ਦੋਵੇਂ ਵੱਖਰੇ ਵੱਖਰੇ ਸੱਭਿਆਚਾਰ ਵਿਚੋਂ ਆਏ ਹਨ। ਬੀ.ਐਸ.ਸੀ. ਕੈਮਿਸਟਰੀ, ਕੈਮੀਕਲ ਇੰਜ਼ਨੀਆਰਿੰਗ, ਫਾਰਮਿਸਟ ਅਤੇ ਐਮ.ਬੀ.ਏ. ਕਰਨ ਤੋਂ ਬਾਅਦ ਸਪੈਸ਼ਲ ਮੈਂਟਲ ਕੇਅਰਫਾਰਮੇਸੀਜ਼ ਅਤੇ ਕੇਅਰ ਹੋਮਜ਼ ਆਪਣੇ ਹਿੱਸੇਦਾਰਾਂ ਨਾਲ ਚਲਾਉਣ ਵਿਚ ਕਾਮਯਬ ਇਨਸਾਨ ਹੈ ਮਾਰਟਿਨ ਸਿੰਘ। ਅੱਜ ਦੇ ਜ਼ਮਾਨੇ ਵਿਚ ਹਿੱਸੇਦਾਰਾਂ ਨਾਲ ਹਿੱਸੇਦਾਰੀ ਨਿਭਾਉਣੀ ਵੀ ਆਪਣੇ ਆਪ ਵਿਚ ਇਕ ਵਧੀਆ ਇਨਸਾਨ ਹੋਣ ਦੀ ਨਿਸ਼ਾਨੀ ਹੈ। ਅੰਗਰੇਜ਼ੀ ਦੇ ਨਾਲ ਨਾਲ ਫਰੈਂਚ ਦੀ ਮੁਹਾਰਤ ਮਾਰਟਿਨ ਸਿੰਘ ਦੀ ਕਾਬਲੀਅਤ ਦੀ ਮੂੰਹ ਬੋਲਦੀ ਤਸਵੀਰ ਹੈ। ਪੰਜਾਬੀ ਨਾਲ ਉਹਦਾ ਮੋਹ ਪੰਜ਼ਾਬੀ ਸਭਿੱਆਚਾਰ ਦੇ ਹੋਰ ਨਜ਼ਦੀਕ ਲਿਆਉਂਦਾ ਹੈ।ਮਾਰਟਿਨ ਸਿੰਘ ਨਾਲ ਗੱਲਬਾਤ ਕਰਦਿਆਂ ਕਦੀ ਵੀ ਇਹ ਮਹਿਸੂਸ ਨਹੀਂ ਹੁੰਦਾ ਕਿ ਉਹ ਬਗੈਰ ਦਲੀਲ ਦੇ ਗੱਲ ਕਰ ਰਿਹਾ ਹੈ ਜਾਂ ਉਹ ਗੱਲ ਟਾਲ ਰਿਹਾ ਹੈ। ਸਾਫ ਸੁਥਰੀ ਗੱਲਬਾਤ ਵੀ ਆਪਣੇ ਆਪ ਵਿਚ ਸਾਫ ਸੁਥਰੇ ਇਨਸਾਨ ਹੋਣ ਦੀ ਨਿਸ਼ਾਨੀ ਹੈ। ਜਦੋਂ ਕਦੀ ਵੀ ਮਾਰਟਿਨ ਸਿੰਘ ਨਾਲ ਮੁਲਾਕਾਤ ਹੁੰਦੀ ਹੈ ਤਾਂ ਇਨਸਾਨੀਅਤ ਅਤੇ ਦੇਸ਼ਭਗਤੀ ਦਾ ਝਲਕਾਰਾ ਉਸ ਵਿਚੋਂ ਡੁੱਲ ਡੁੱਲ ਪੈਂਦਾ ਨਜ਼ਰ ਆਉਂਦਾ ਹੈ। ਮਾਰਟਿਨ ਸਿੰਘ ਆਪਣੇ ਵਪਾਰ ਵਿਚ ਭਾਂਵੇ ਕਿਤਨਾ ਵੀ ਕਿਉਂ ਨਾ ਫਸਿਆ ਹੋਵੇ ਫੌਜੀ ਹੁਕਮ ਆਉਣ ਤੇ ਇਕ ਦਮ ਤਿਆਰ ਬਰ ਤਿਆਰ ਹੋ ਕੇ ਜਾ ਹਾਜਰੀ ਲਾਵਾਉਂਦਾ ਹੈ। ਇਹ ਹੈ ਦੇਸ਼ਭਗਤੀ ਦਾ ਸਿਖਰ ਜਿਸ ਨੂੰ ਕੋਈ ਕੋਈ ਹੀ ਸਮਝਦਾ ਤੇ ਅਪਣਾਉਂਦਾ ਹੈ। ਕੈਨੇਡਾ ਵਰਗੇ ਸੁੰਦਰ, ਸੋਹਣੇ ਅਤੇ ਵਿਸ਼ਾਲ ਦੇਸ਼ ਨੂੰ ਗੁਣ ਭਰਪੂਰ ਸਿਆਸਤਦਾਨਾਂ ਦੀ ਲੋੜ ਹੈ ਜਿਨ੍ਹਾ ਵਿਚ ਦੇਸ਼ ਭਗਤੀ, ਦੇਸ਼ ਸੇਵਾ ਅਤੇ ਨਿਰਸਵਾਰਥ ਵਾਲੇ ਗੁਣ ਹੋਣੇ ਜ਼ਰੂਰੀ ਹਨ। ਵਿਹਲੇ ਬੈਠ ਕੇ ਸਮਾਂ ਗੁਆਉਣ ਦਾ ਕੰਮ ਮਾਰਟਿਨ ਸਿੰਘ ਦੇ ਹਿੱਸੇ ਨਹੀਂ ਆਇਆ ਤੇ ਨਾ ਹੀ ਕਿਸੇ ਮਿਲਣ ਆਏ ਸੱਜਣ ਨਾਲ ਫਾਲਤੂ ਗੱਲਾਂ ਕਰ ਕਰਕੇ ਸਮਾਂ ਅਜਾਈਂ ਜਾਣ ਦੇਣਾ ਹੈ। ਪੜ੍ਹਨਾ-ਲਿਖਣਾ, ਸਿੱਖਣਾ-ਸਿਖਾਉਣਾ ਅਤੇ ਸਮੇਂ ਦੀ ਅਨਕੂਲ ਵੰਡ ਕਰਨੀ ਇਸ ਦਾ ਸੱਭ ਤੋਂ ਉਤਮ ਗੁਣ ਹੈ। ਬੱਚਿਆਂ ਨੂੰ ਮਿਲ ਕੇ ਮਾਰਟਿਨ ਸਿੰਘ ਨੂੰ ਚਾਅ ਚੜ ਜ਼ਾਦਾ ਹੈ। ਉਹਨਾਂ ਨਾਲ ਪੜਾਈ ਬਾਬਤ ਗੱਲਬਾਤ ਕਰਨਾ, ਉਚੀ ਸਿੱਖਿਆ ਲਈ ਸਲਾਹ ਮਸ਼ਵਰਾ ਦੇਣਾ ਅਤੇ ਹਰ ਕਦਮ ਤੇ ਸਹਾਇਤਾ ਕਰਨ ਦੀ ਪੇਸ਼ਕਸ਼ ਕਰਨਾ ਮਾਰਟਿਨ ਸਿੰਘ ਦਾ ਸੁਭਾਅ ਹੈ।ਜੇਕਰ ਅਸੀਂ ਚਾਹੁੰਦੇ ਹਾਂ ਕਿ ਕੈਨੇਡਾ ਦੁਨੀਆਂ ਦੇ ਸਿੱਖਰਲੇ ਕੁੱਝ ਮੁਲਕਾਂ ਵਿਚ ਹੋਵੇ ਤਾਂ ਸਾਨੂੰ ਇਸ ਤਰ੍ਹਾਂ ਦੇ ਇਨਸਾਨਾਂ ਨੂੰ ਵੋਟਾਂ ਰਾਹੀਂ ਚੁਣ ਕੇ ਫੈਡਰਲ ਸਰਕਾਰ ਦੀ ਨੁਮਾਇੰਦਗੀ ਸੌਂਪਣੀ ਚਾਹੀਦੀ ਹੈ। ਇਕ ਸੋਹਣੀ ਸੁਨੱਖੀ ਸਖਸ਼ੀਅਤ ਵਾਲੇ ਮਾਰਟਿਨ ਸਿੰਘ ਨੂੰ ਵਾਕਿਆ ਹੀ ਪਰਮਾਤਮਾ ਨੇ ਬਹੁਤ ਸਾਰੇ ਗੁਣ ਤੇ ਬਹੁਤ ਸਾਰੀਆਂ ਚੰਗਿਆਈਆਂ ਦੀ ਬਖਸ਼ਿਸ਼ ਕੀਤੀ ਹੋਈ ਹੈ। ਮਾਰਟਿਨ ਸਿੰਘ ਬਰੈਂਪਟਨ ਨਾਰਥ ਤੋਂ ਐਂਨ.ਡੀ.ਪੀ. ਦੇ ਉਮੀਦਵਾਰ ਹਨ।

## ਸੰਗ ਢੇਸੀਆਂ ਨਿਵਾਸੀਆਂ ਨੇ ਗਿਆਰਵੀਂ ਸਲਾਨਾ ਪਿਕਨਿਕ ਮਨਾਈ

(ਕਮਿਊਨਿਟੀ ਨਿਊਜ਼/ਬਰੈਂਪਟਨ): ਹਰ ਸਾਲ ਦੀ ਤਰ੍ਹਾਂ ਇਸ ਸਾਲ ਭੀ ਦਿਨ ਐਤਵਾਰ,16 ਅਗਸਤ ਨੂੰ ਸੰਗ ਢੇਸੀਆਂ, ਜਿਲ੍ਹਾ ਜਲੰਧਰ ਦੇ ਪਰੀਵਾਰਾਂ ਨੇ ਮਿਲ ਕੇ ਇੱਕ ਪਿਕਨਿਕ ਰੈਟਲ ਸਨੇਕ ਕੰਜ਼ਰਵੇਸ਼ਨ ਏਰੀਆ, ਮਿਲਟਨ, ਕਨੇਡਾ ਵਿਖੇ ਆਯੋਜਿਤ ਕੀਤੀ ਜਿਸ ਵਿਚ ਤਕਰੀਬਨ 80 ਤੋਂ ਵੱਧ ਬੱਚੇ, ਜਵਾਨ ਅਤੇ ਬਜ਼ੁਰਗਾਂ ਨੇ ਹਿੱਸਾ ਲਿਆ। ਗਰਮੀ ਦੇ ਬਾਵਜੂਦ ਹਰ ਇੱਕ ਨੇ ਇਸ ਵਿਚ ਵੱਧ ਚੜ੍ਹ ਕੇ ਹਿੱਸਾ ਪਾਇਆ ਤੇ ਅੰਨਦ ਮਾਣਿਆ।



ਇਸ ਪਿਕਨਿਕ ਵਿਚ ਮਾਨਯੋਗ ਜੋ ਡੈਨੀਅਲ, ਮੈਂਬਰ ਪਾਰਲੀਮੈਂਟ, ਡੌਨ ਵੈਲੀ ਈਸਟ ਮੁੱਖ ਮਹਿਮਾਨ ਵਜੋਂ ਹਾਜ਼ਰ ਸਨ ਅਤੇ ਵਿਸ਼ੇਸ਼ ਮਹਿਮਾਨ ਵਜੋਂ ਡਾ ਸੋਲੋਮਨ ਨਾਜ਼, ਡਾ ਡੀ ਪੀ ਸਿੰਘ, ਅਤੇ ਜਸਬੀਰ ਸਿੰਘ ਹੰਸਪਾਲ ਨੇ ਪਿਕਨਿਕ ਵਿਚ ਸ਼ਿਰਕਤ ਕੀਤੀ। ਨਵ ਨਿਰਮਿਤ ਨੌਜਵਾਨ ਕਮੇਟੀ ਮੈਂਬਰ ਹਰਜਿੰਦਰ ਢੇਸੀ, ਗੁਰਮੁਖ ਸਿੰਘ, ਭਰਤ ਭੂਸ਼ਨ ਮਾਨ, ਰਿੱਕੀ ਕਪਿਲ, ਅਤੇ ਸੁਖਜੀਤ ਢੇਸੀ ਨੇ ਬੜੇ ਸੁਚੱਜੇ ਢੰਗ ਨਾਲ ਸਾਰੇ ਸਮਾਗਮ ਦਾ ਇੰਤਜਾਮ ਕੀਤਾ। ਭਰਤ ਮਾਨ ਨੇ ਸਾਰਿਆਂ ਨੂੰ ਜੀ ਆਇਆਂ ਆਖਿਆ। ਡਾਕਟਰ ਨਾਜ ਨੇ ਬਾਬਾ ਸੰਗ ਨਗਰ ਨਿਵਾਸਿਆਂ ਦੇ ਆਪਣੇ ਪਿੰਡ ਲਈ ਕੀਤੀਆਂ ਕਾਰਗੁਜ਼ਾਰੀਆਂ ਤੇ ਰੌਸ਼ਨੀ ਪਾਈ। ਪਿਛਲੇ ਵਰ੍ਹੇ ਅਕਾਲ ਚਲਾਣਾ ਕਰ ਗਏ ਬਾਲਾ ਕਪਿਲ ਨੂੰ ਸਭਨਾ ਨੇ ਮਿਲ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਤੋਂ ਉਪਰੰਤ ਹਾਲ ਹੀ ਵਿਚ ਭਾਰਤ ਤੋਂ ਆਏ ਸ: ਭੁਪਿੰਦਰ ਸਿੰਘ ਢੇਸੀ , ਭੈਣ ਰਕਸ਼ਾ ਅਤੇ ਸ: ਸੁਚਾ ਸਿੰਘ ਜੀ ਢੇਸੀ ਦਾ ਵਿਸ਼ੇਸ਼ ਸਵਾਗਤ ਕੀਤਾ ਗਿਆ। ਉਹਨਾਂ ਭੀ ਸਾਰਿਆਂ ਨੂੰ ਸੰਬੋਧਨ ਕਰਦਿਆਂ ਅਪਣੇ ਪਛੋਕੜ ਨੂੰ ਯਾਦ ਰੱਖਣ ਤੇ ਰਲ਼ ਬੈਠਣ ਲਈ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ।ਅਮਰੀਕ ਸਿੰਘ ਕੈਂਥ ਨੇ ਪਿਕਨਿਕ ਨੂੰ ਕਾਮਯਾਬ ਬਣਾਉਣ ਲਈ ਵਧ ਚੜ੍ਹ ਕੇ ਯੋਗਦਾਨ ਪਾਉਣ ਲਈ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਬੱਚਿਆਂ ਨੇ ਪਤੰਗਾਂ ਉਡਾ ਕੇ ਅਤੇ ਸਾਕਰ ਖੇਡਕੇ ਖ਼ੂਬ ਅੰਨਦ ਮਾਣਿਆ, ਛੋਟੇ ਬਚਿਆਂ ਵਿਚ ਖਡੌਣੇ, ਭੀ ਵੰਡੇ ਗਏ। ਪ੍ਰਤੀਕ ਆਰਟਿਸਟ ਅਤੇ ਓਂਕਾਰ ਪ੍ਰੀਤ ਨੇ ਵੀ ਪਹੁੰਚ ਕੇ ਪਿਕਨਿਕ ਦਾ ਮਾਣ ਵਧਾਇਆ।

ਇਹ ਪਿਕਨਿਕ ਹਰ ਸਾਲ ਅਗਸਤ ਦੇ ਤੀਜੇ ਹਫਤੇ ਮਨਾਈ ਜਾਂਦੀ ਹੈ। ਇਸ ਦੀ ਜ਼ਿਆਦਾ ਜਾਣਕਾਰੀ ਤੁਸੀਂ ਪ੍ਰੇਮਜੀਤ ਢੇਸੀ ਨੂੰ 416-896-7162, ਜਾਂ ਜੋਗਿੰਦਰ ਢੇਸੀ 905-915-1698 ਤੇ ਫ਼ੂਨ ਕਰ ਸਕਦੇ ਹੋ। ਇਸ ਪਿਕਨਿਕ ਦੀਆ ਕੁਝ ਝਲਕੀਆ ਯੂਟਿਊਬ ਤੇ ਭੀ ਵੇਖੀਆਂ ਜਾ ਸਕਦੀਆਂ ਹਨ।

## ਪੰਜਾਬ ਦੀਆਂ ਧੀਆਂ ਆਬਰੂ ਮਠਿਆਈ ਵਾਂਗ ਵੇਚਣ ਲਈ ਮਜ਼ਬੂਰ

ਕਨੇਡਾ 'ਚ ਪੜਾਈ ਕਰਨ ਆਏ ਵਿਦਿਆਰਥੀਆਂ ਦਾ ਹਾਲ ਜਾਣ ਕੇ ਪਤਾ ਲੱਗਿਆਂ ਕਿ ਏਜੈਂਟਾਂ ਦੁਆਰਾ ਗੁਮਰਾਹ ਵਿਦਿਆਰਥੀ ਕਨੇਡਾ ਵਿੱਚ ਦਰ-ਦਰ ਠੋਕਰਾਂ ਖਾਣ ਲਈ ਮਜਬੂਰ ਹਨ ਇਹ ਪ੍ਰਗਟਾਵਾਂ ਅਮਨਦੀਪ ਹਸਪਤਾਲ, ਅੰਮ੍ਰਿਤਸਰ ਦੇ ਪ੍ਰਬੰਧਕ ਹਰਜਿੰਦਰ ਸਿੰਘ ਗੁਰਾਇਆਂ ਵੱਲੋਂ ਆਪਣੀ ਕਨੇਡਾਂ ਫੇਰੀ ਦੌਰਾਨ ਭਾਰਤੀ ਵਿਦਿਆਰਥੀਆਂ ਦੀ ਤਰਸਯੋਗ ਹਾਲਤ ਦੇਖਕੇ ਬੇਟੀਆਂ ਨੂੰ ਕਨੇਡਾ ਪੜਾਈ ਲਈ ਨਾ ਭੇਜਣ ਦੀ ਅਪੀਲ ਕੀਤੀ।

ਉਧਰ ਜਦ ਪੜਾਈ ਲਈ ਬੱਚਿਆਂ ਨੇ ਕਨੇਡਾਂ ਆਉਣਾਂ ਹੁੰਦਾ ਹੈ ਤਾਂ ਏਜੈਂਟ ਆਪਣੇ ਨਿਜੀ ਹਿਤਾਂ ਲਈ ਮਾਪਿਆਂ ਨੂੰ ਕਈ ਸਬਜਬਾਗ ਦਿਖਾਕੇ ਕਿ ਬੱਚਾ ਇਕ ਵਾਰ ਉਥੇ ਪੁੱਜਾ ਕਿ ਸਮਝੋਂ ਡਾਲਰਾਂ ਵਾਲੀ ਮਸ਼ੀਨ ਬਣ ਗਿਆ। ਪੜਾਈ ਲਈ ਪਹਿਲੇ ਛੇ ਮਹੀਨੇ ਦਾ ਖਰਚਾ ਭਰਨ ਦੀ ਲੋੜ ਹੈ ਬਸ ਫਿਰ ਬੱਚਾ ਕਮਾਈ ਕਰਨ ਲੱਗ ਜਾਂਦਾ, ਨਾਲ ਆਪਣੀ ਫੀਸ ਤਾਰ ਲੈਂਦਾ ਅਤੇ ਨਾਲ ਪਿਛੇ ਡਾਲਰ ਭੇਜੇਗਾ। ਇਕ



ਵਾਰ ਬੱਚਾ ਪਹੁੰਚਿਆਂ ਕਿ ਵਾਰੇ ਨਿਆਰੇ ਹੋ ਗਏ।

ਪਰ ਇਥੇ ਡਾਲਰ ਕੋਈ ਅੰਬਾਂ ਨੂੰ ਨਹੀ ਲੱਗੇ ਜਿਹੜੇ ਬੱਚੇ ਤੋੜ-ਤੋੜ ਮਾਪਿਆਂ ਨੂੰ ਭੇਜਣ। ਮਾਪਿਆਂ ਵੱਲੋਂ ਪਹਿਲੀ ਛਿਮਾਹੀ ਫੀਸ ਜਮੀਨ ਗਹਿਣੇ ਪਾ-ਵੇਚ ਕੇ ਜਾਂ ਰਿਸ਼ਤੇਦਾਰਾਂ ਕੋਲੋਂ ਲੈ ਕੇ ਏਜੰਟਾਂ ਦੀਆਂ ਸ਼ਰਤਾ ਪੂਰੀਆਂ ਕਰਦੇ ਹਨ। ਜਦੋਂ ਬੱਚੇ ਇਥੇ ਪੁਜਦੇ ਹਨ ਤਾਂ ਉਹਨਾਂ ਕੋਲ ਚਾਹ ਪੀਣ ਲਈ ਵੀ ਕੋਈ ਡਾਲਰ ਨਹੀਂ ਹੁੰਦਾ। ਕਈ ਮਹੀਨੇ ਤੱਕ ਕਾਲਜਾਂ ਵੱਲੋਂ ਕੰਮ ਤੇ ਪਾਬੰਦੀ ਕਾਰਨ ਉਹ ਕੰਮ ਨਹੀ ਕਰ ਸਕਦੇ। ਮਹੀਨਿਆਂ ਬੱਧੀ ਕੰਮ ਨਾ ਮਿਲਣ ਕਰਕੇ ਖਾਣ ਪੀਣ ਦੇ ਸੰਸੇ ਕੱਟਦੇ ਉਹਨਾ ਲਈ ਜਿਊਣ ਮਰਨ ਨਾਲੋਂ ਘੱਟ ਨਹੀਂ ਹੁੰਦਾ। ਉਹ ਗੁਰਬਦ ਦੇ ਦਿਨ ਸ਼ਾਇਦ ਪੰਜਾਬ ਵਿੱਚ ਕੋਈ ਵੀ ਨਾਂ ਹੰਢਾਉਦਾ ਹੋਵੇਂ। ਫਿਰ ਦੂਸਰੀ ਛਿਮਾਹੀ ਦੀ ਫੀਸ ਭੇਜਣ ਲਈ ਮਾਪਿਆਂ ਕੋਲ ਵੀ ਕੁਝ ਨਹੀ ਹੁੰਦਾ ਉਹ ਖੁਦ ਵੀ ਇਧਰ ਕੁਝ ਨਹੀ ਕਰ ਸਕਦੇ। ਫਿਰ ਬੱਚਿਆਂ ਨੂੰ ਆਪਣੀ ਫੀਸ ਅਤੇ ਰੋਜਮਰਾਂ ਦੇ ਜੀਵਨ ਲਈ ਸਮਝੋਤੇ ਕਰਨੇ ਪੈਂਦੇ ਹਨ ਅਤੇ ਇਧਰ ਦੇ ਵਸਨੀਕਾਂ ਦੀ ਰਜਾਂ ਵਿੱਚ ਰਾਜੀ ਰਹਿਣ ਲਈ ਲੇਲੜੀਆਂ ਕੱਢਣੀਆਂ ਪੈਂਦੀਆ ਹਨ। ਅੱਧੀ ਤੋਂ ਵੀ ਘੱਟ ਮਜਦੂਰੀ ਤੇ ਰੈਸਟੋਰੈਂਟਾਂ ਤੇ ਰੁਲਦੀਆਂ ਪੰਜਾਬ ਦੀ ਸੁਨੈਹਰੀ ਸੁਪਨੇ ਸਜਾ ਕੇ ਆਈਆਂ ਧੀਆਂ ਮੈਂ ਅੱਖੀ ਤੱਕੀਆਂ। ਸੋ ਮੇਰੀ ਅਪੀਲ ਹੈ ਪੰਜਾਬ ਦੇ ਲੋਕਾਂ ਨੂੰ ਕੇ ਡਾਲਰਾਂ ਦੀ ਹਵਸ ਵਿੱਚ ਆਪਣੇ ਹੀਰਿਆਂ ਜਿਹੇ ਬੱਚਿਆਂ ਨੂੰ ਜਬਰੀ ਮੌਤ ਐਤ ਜਲਾਲਤ ਦੇ ਮੂੰਹ ਵਿੱਚ ਨਾ ਧੱਕਣ ਅਤੇ ਉਹੀ ਮਾਪੇ ਆਪਣੇ ਬੱਚਿਆਂ ਨੂੰ ਕਨੇਡਾ ਪੜਾਈ ਲਈ ਭੇਜਣ ਜੋ ਉਹਨਾ ਦੀ ਪੜਾਈ ਦਾ ਅਤੇ ਰਹਿਣ ਸਹਿਣ ਦਾ ਖਰਚਾ ਦੇਣ ਦੇ ਸਮਰੱਥ ਹਨ।

## ਪ੍ਰਿੰ. ਸਰਵਣ ਸਿੰਘ ਨੂੰ ਪਰਵਾਸੀ ਅਵਾਰਡ ਦੀ ਮੁਬਾਰਕ

# ਪੰਜਾਬੀ ਵਾਰਤਕ ਦਾ ਉਚਾ ਬੁਰਜ

ਵਰਿਆਮ ਸਿੰਘ ਸੰਧੂ

ਲਿਖਣ ਦੇ ਮੈਦਾਨ ਵਿਚ ਪੈਰ ਧਰਦਿਆਂ ਸਰਵਣ ਸਿੰਘ ਨੇ ਪੈਂਦੀ ਸੱਟੇ ਸੋਲਾਂ ਹੱਥ ਲੰਮੀ ਛਾਲ ਮਾਰੀ ਤਾਂ 'ਦਰਸ਼ਕਾਂ' ਨੂੰ ਹੈਰਾਨੀ-ਭਰੀ ਖ਼ੁਸ਼ੀ ਹੋਈ। ਹਰ ਰੋਜ਼ 'ਇਕੋ ਜਿਹੀ ਛਾਲ' ਵੇਖਣ ਦੀਆਂ ਆਦੀ ਹੋ ਚੁੱਕੀਆਂ ਅੱਖਾਂ ਦੀ ਮੱਧਮ ਰੌਸ਼ਨੀ ਵਿਚ ਅਨੇਕਾਂ ਚਿਰਾਗ਼ ਬਲ ਉਠੇ। ਉਹਨਾਂ ਹੁਲਾਸ ਨਾਲ ਭਰ ਕੇ ਪਰਸੰਸਾ ਤੇ ਲਾਡ ਨਾਲ ਸਰਵਣ ਸਿੰਘ ਵੱਲ ਵੇਖਿਆ। ਮੂੰਹੋਂ ਆਪ ਮੁਹਾਰੇ ਬੋਲ ਕਿਰ ਪਏ, "ਬਈ ਵਾਹ! ਸਵਾਦ ਆ ਗਿਆ ਸਰਵਣ ਸਿਆਂ! ਬੰਦਾ ਗੱਲ ਕਰੇ ਤਾਂ ਐਂ ਕਰੇ!"

ਇਹਨਾਂ ਪਾਠਕ 'ਦਰਸ਼ਕਾਂ' ਵਿਚ ਮੈਂ ਵੀ ਸਾਂ। 1960ਵਿਆਂ ਦੌਰਾਨ 'ਆਰਸੀ' ਵਿਚ ਖਿਡਾਰੀਆਂ ਬਾਰੇ ਉਹਦੇ ਰੇਖ਼ਾ ਚਿਤਰ ਛਪਣ ਲੱਗੇ ਤਾਂ ਉਹਦੀ ਲਿਖਤ ਦੀ ਜਾਦੂਗਰੀ ਨੇ ਮੈਨੂੰ ਵੀ ਕੀਲ ਲਿਆ। ਗੁਰਬਚਨ ਰੰਧਾਵੇ ਬਾਰੇ ਉਹਦਾ ਪਹਿਲਾ ਆਰਟੀਕਲ 'ਆਰਸੀ' ਵਿਚ ਛਪਿਆ, 'ਮੁੜ੍ਹਕੇ ਦਾ ਮੋਤੀ'। ਗੁਰਬਚਨ ਦਾ ਇਸ ਵਿਚ ਅਜਿਹਾ ਜੀਵੰਤ ਚਿਤਰ ਖਿੱਚਿਆ ਹੋਇਆ ਸੀ ਕਿ ਸਾਹ-ਮਣੇ ਸੱਚਮੁਚ ਦੀ ਫ਼ਿਲਮ ਚੱਲਦੀ ਨਜ਼ਰ ਆਉਣ ਲੱਗੀ। ਆਪਣੇ ਮਝੈਲ 'ਭਾਊ' ਬਾਰੇ ਘਿਓ-ਗੁੱਝੀ ਚੂਰੀ ਵਰਗਾ ਬਿਰਤਾਂਤ ਪੜ੍ਹ ਕੇ ਸਰਵਣ ਸਿੰਘ ਨਾਲ ਪੈਂਦੀ ਸੱਟੇ ਅਪਣੱਤ ਦਾ ਰਿਸ਼ਤਾ ਜੁੜ ਗਿਆ। ਅਗਲਾ ਰੇਖਾ-ਚਿਤਰ ਸੀ ਪਰਵੀਨ ਕੁਮਾਰ ਬਾਰੇ 'ਧਰਤੀ ਧੱਕ'।

ਪਰਵੀਨ ਸਾਡਾ ਬੇਲੀ ਸੀ। 1962-64 ਵਿਚ ਮੈਂ ਸਰਹਾਲੀ ਤੋਂ ਜੇ. ਬੀ. ਟੀ. ਕੀਤੀ ਸੀ। ਪਰਵੀਨ ਉਦੋਂ ਸਰਹਾਲੀ ਦੇ ਖ਼ਾਲਸਾ ਸਕੂਲ ਵਿਚ ਨੌਵੀਂ ਦਾ ਵਿਦਿਆਰਥੀ ਸੀ। ਅਸੀਂ ਰੋਜ਼ ਮਿਲਦੇ ਤੇ ਹਾਸਾ ਠੱਠਾ ਚੱਲਦਾ। ਮੈਂ ਫੁੱਟਬਾਲ ਤੇ ਵਾਲੀਬਾਲ ਦੀ ਟੀਮ ਦਾ ਮੈਂਬਰ ਸਾਂ। ਉੱਚੀ ਤੇ ਲੰਮੀ ਛਾਲ ਵੀ ਲਾਉਂਦਾ। ਮੈਂ ਉੱਚੀ ਛਾਲ ਮਾਰਨ ਵਿਚ ਜ਼ਿਲ੍ਹੇ ਵਿਚੋਂ ਪਹਿਲੇ ਨੰਬਰ 'ਤੇ ਆ ਗਿਆ। ਪਰਵੀਨ ਹੈਮਰ ਤੇ ਡਿਸਕਸ ਵਿਚ ਪਹਿਲੇ ਨੰਬਰ 'ਤੇ ਸੀ। ਅਸੀਂ ਡਵੀਜ਼ਨ ਦੇ ਮੁਕਾਬਲਿਆਂ ਲਈ ਜਲੰਧਰ ਅੱਪੜੇ ਤਾਂ ਪਰਵੀਨ ਆਖੇ, "ਭਾਊ! ਮੈਂ ਧਾਡੇ ਨਾਲ ਰਹਿਣਾ। ਤੁਸੀਂ ਮੇਰੇ ਘਰ ਦੇ ਬੰਦੇ ਓ। ਮੈਂ ਤਾਂ ਇਨਚਾਰਜ ਨੂੰ ਕਹਿ 'ਤਾ ਕਿ ਮੈਂ ਤਾਂ ਆਪਣੇ ਭਾਊਆਂ ਨਾਲ ਰਹੂੰ।"

ਪੰਜਾਬ ਦੀਆਂ ਸਕੂਲ ਖੇਡਾਂ ਲਈ ਅਸੀਂ ਪਟਿਆਲੇ ਵੀ 'ਕੱਠੇ ਗਏ। ਓਥੇ ਵੀ ਪਰਵੀਨ ਸਾਡੇ ਨਾਲ ਹੀ ਠਹਿਰਿਆ। 'ਧਰਤੀ ਧੱਕ' ਪੜ੍ਹ ਕੇ ਸਾਨੂੰ ਲੱਗਾ ਸਾਡਾ ਪਰਵੀਨ ਉਹ ਸਾਰੇ ਹਾਸੇ ਠੱਠੇ, ਜਿਹੜੇ ਸਰਵਣ ਸਿੰਘ ਨੇ ਬਿਆਨ ਕੀਤੇ ਸਨ, ਸਾਡੇ ਨਾਲ ਹੀ ਕਰਦਾ ਤੁਰਿਆ ਫਿਰਦਾ ਹੈ। ਮੇਰੇ ਲਈ ਵਰਤੇ ਜਾਣ ਵਾਲੇ ਉਪਮਾ-ਅਲੰਕਾਰ ਨਾਲ ਉਹ ਕਿਸੇ ਪਤਲੀਆਂ ਲੱਤਾਂ ਵਾਲੇ ਸਾਥੀ ਅਥਲੀਟ ਦੀ 'ਵਡਿਆਈ' ਕਰ ਰਿਹਾ ਸੀ, "ਲੱਤਾਂ ਵੇਖ, ਜਿਵੇਂ ਝੋਲੇ 'ਚ ਪੰਪ ਪਾਇਆ ਹੁੰਦਾ!" ਉਹਨੇ ਸਾਨੂੰ ਆਪਣੀ ਲਿਖਤ ਦਾ ਸ਼ੈਦਾਈ ਬਣਾ ਲਿਆ।

ਮੈਂ ਤੇ ਮੇਰਾ ਦੋਸਤ ਭੂਪਿੰਦਰ ਚੜ੍ਹੇ ਮਹੀਨੇ ਅੰਬਰਸਰ ਪਹੁੰਚ ਕੇ 'ਆਰਸੀ' ਹੱਥ ਹੇਠਾਂ ਕਰਦੇ। ਸਾਨੂੰ ਸਰਵਣ ਸਿੰਘ ਦੇ ਖੇਡ ਨਾਇਕਾਂ ਨੂੰ ਮਿਲਣ ਦੀ ਕਾਹਲ, ਖੁਤਖੁਤੀ ਤੇ ਖਿੱਚ ਹੁੰਦੀ। ਉਦੋਂ 'ਪ੍ਰੀਤ ਲੜੀ' ਨੂੰ ਛੇਤੀ ਖ਼ਰੀਦਣਾ ਤੇ ਪੜ੍ਹਨਾ ਸਾਡੀ ਪਹਿਲ ਹੁੰਦੀ ਸੀ ਪਰ ਸਰਵਣ ਸਿੰਘ ਦੀ ਲਿਖਤ ਦੀ ਧੂਹਵੀਂ ਖਿੱਚ ਨੇ 'ਆਰਸੀ' ਪਹਿਲੇ ਨੰਬਰ 'ਤੇ ਲੈ ਆਂਦੀ। ਇੱਕ ਤਰ੍ਹਾਂ ਨਾਲ ਸਰਵਣ ਸਿੰਘ ਪੰਜਾਬੀ ਵਾਰਤਕ ਦੇ ਸੁਲਤਾਨ ਗੁਰਬਖ਼ਸ਼ ਸਿੰਘ 'ਪ੍ਰੀਤ ਲੜੀ' ਤੋਂ ਵੀ ਬਾਜ਼ੀ ਮਾਰ ਗਿਆ ਸੀ। ਉਹ ਮੇਰਾ ਚਹੇਤਾ ਲੇਖਕ ਬਣ ਗਿਆ ਸੀ। ਉਹਦੀ ਲਿਖਤ ਮੈਂ ਚਾਹਤ ਨਾਲ ਉਡੀਕਦਾ ਤੇ ਉੱਡ ਕੇ ਪੜ੍ਹਦਾ। ਗੁਰਬਖ਼ਸ਼ ਸਿੰਘ ਪ੍ਰੀਤ-ਲੜੀ ਜੇ ਉਹਨਾਂ ਦਿਨਾਂ ਵਿਚ ਮੇਰੇ 'ਦਿਮਾਗ਼' ਦੇ ਨੇੜੇ ਸੀ ਤਾਂ ਸਰਵਣ ਸਿੰਘ ਮੇਰੇ 'ਦਿਲ' ਦੇ ਨੇੜੇ ਹੋ ਗਿਆ।




ਸਰਵਣ ਸਿੰਘ ਦੀਆਂ ਖੇਡ ਲਿਖਤਾਂ ਪੜ੍ਹੀਆਂ ਤਾਂ ਮੈਂ ਵੀ ਜੂੜੇ 'ਤੇ ਚਿੱਟਾ ਰੁਮਾਲ ਬੰਨ੍ਹੀ ਮਿਲਖਾ ਸਿੰਘ ਨਾਲ ਸਾਹੋ ਸਾਹ ਦੌੜਨ ਲੱਗਾ, ਦੇਓ-ਕੱਦ ਪਰਵੀਨ ਕੁਮਾਰ ਨੇ ਹੈਮਰ ਤੇ ਡਿਸਕ ਅਸਮਾਨ ਵੱਲ ਉਛਾਲੀ ਤਾਂ ਨਾਲ ਹੀ ਮੈਂ ਵੀ ਅਸਮਾਨ ਵੱਲ ਉੱਛਲਿਆ। ਮਹਿੰਦਰ ਗਿੱਲ ਹਿਰਨਾਂ ਵਾਂਗ ਚੁੰਗੀਆਂ ਭਰਦਾ ਤੀਹਰੀ ਛਾਲ ਲਾਉਂਦਾ ਦਿਸਿਆ ਤਾਂ ਮੇਰੇ ਕਦਮ ਵੀ ਛਾਲਾਂ ਲਾਉਣ ਲੱਗੇ। ਪ੍ਰਿਥੀਪਾਲ ਦੀ ਹਾਕੀ ਨੇ ਗੋਲਾਂ ਦਾ 'ਠਾਹ' ਫੱਟਾ ਖੜਕਾਇਆ ਤਾਂ ਮੈਂ ਆਪਣੇ ਗੁੱਟ ਦੀ ਤਾਕਤ ਨੂੰ ਚੁੰਮ ਲਿਆ। ਸੁਰਜੀਤ ਦੀਆਂ ਅੱਖਾਂ ਦੀ ਗਹਿਰ ਮੇਰੀਆਂ ਅੱਖਾਂ 'ਚੋਂ ਝਾਕਣ ਲੱਗੀ। ਮੇਰੇ ਮੁੱਕੇ 'ਚ ਮੁਹੰਮਦ ਅਲੀ ਦੇ ਮੁੱਕੇ ਦੀ ਤਾਕਤ ਉੱਸਲਵੱਟੇ ਲੈਣ ਲੱਗੀ। ਦੌੜਦਿਆਂ ਮੈਂ ਕਾਰਲ ਲੂਈਸ ਨੂੰ ਪਿੱਛੇ ਛੱਡਣ ਲੱਗਾ। ਮੇਰੇ ਅੰਦਰਲਾ 'ਗਵਾਚਾ ਖਿਡਾਰੀ' ਸਰਵਣ ਸਿੰਘ ਦੀਆਂ ਲਿਖਤਾਂ 'ਚੋਂ ਉੱਠ ਖੜ੍ਹਿਆ। ਉਸ ਦੀਆਂ ਲਿਖਤਾਂ ਨੇ ਪਾਠਕ ਦੇ ਮਨਾਂ ਉੱਤੋਂ ਸਵਾਹ ਪਾਸੇ ਕੀਤੀ ਤੇ ਹਰੇਕ ਬੰਦੇ ਦੇ ਮਨ ਅੰਦਰ ਧੁਰ ਹੇਠਾਂ 'ਗਵਾਚੇ ਖਿਡਾਰੀ' ਦੀ ਧੁਖਦੀ ਰੂਹ ਵਿਚ ਮਤਾਬੀਆਂ ਬਾਲ ਦਿੱਤੀਆਂ। ਉਹ ਅਨੇਕਾਂ ਅਧਵਾਟੇ ਰਹੇ ਖਿਡਾਰੀਆਂ ਦੀਆਂ ਅਤ੍ਰਿਪਤ ਰੀਝਾਂ ਦਾ ਰੱਜ ਹੋ ਨਿੱਬੜਿਆ। ਉਹ ਮੇਰੇ ਵਰਗੇ ਲੱਖਾਂ ਅਸਫ਼ਲ ਖਿਡਾਰੀਆਂ ਦਾ ਪਹਿਲਾ ਸਫ਼ਲ ਖੇਡ ਲੇਖਕ ਬਣ ਗਿਆ।

ਸਰਵਣ ਸਿੰਘ ਆਪਣੇ ਪਾਠਕਾਂ ਨੂੰ ਖੇਡਾਂ ਵਿਖਾਉਣਾ ਜਾਣਦਾ ਸੀ। ਉਹ ਪਹਿਲੇ ਫ਼ਿਕਰੇ ਤੋਂ ਹੀ ਪੜ੍ਹਨ ਵਾਲੇ ਨੂੰ ਕਿਰਪਾਲ ਸਾਧ ਵਾਂਗ 'ਗੁੱਟ' ਤੋਂ ਐਸਾ ਫੜਦਾ ਕਿ ਪਾਠਕ ਕਿਸੇ ਹੋਰ ਪਾਸੇ ਸੋਚਣ ਜਾਂ ਜਾਣ ਦੀ ਤਾਕਤ ਗਵਾ ਬਹਿੰਦਾ।ਉਹ ਅਗਲਾ ਫ਼ਿਕਰਾ ਪੜ੍ਹਨ ਲਈ ਕਲਵਲ ਹੋ ਉੱਠਦਾ।ਪਹਿਲੇ ਪੈਰੇ ਵਿਚ ਹੀ ਸਰਵਣ ਸਿੰਘ ਕਲਮ ਦੀ ਇੱਕੋ ਅੜੇਸ ਨਾਲ ਖਿਡਾਰੀ ਬਾਰੇ ਜਾਣਕਾਰੀ ਦਾ ਭਰਿਆ-ਭਰਾਇਆ ਗੱਡਾ ਉਲੱਦ ਸੁੱਟਦਾ। ਇਸ ਗੱਡੇ ਤੋਂ 'ਬੋਰੀਆਂ' ਦੀ ਥਾਂ ਸੋਨ-ਰੰਗੇ ਸ਼ਬਦਾਂ ਦੀਆਂ ਮੋਹਰਾਂ ਡਿੱਗਦੀਆਂ। ਉਹਦੇ ਫ਼ਿਕਰਿਆਂ ਦੀ ਲਿਸ਼ਕ ਵਿਚ ਖਿਡਾਰੀ ਦਾ ਮਾਣ-ਮੱਤਾ ਆਪਾ ਹੱਸਦਾ-ਮੁਸਕਰਾਉਂਦਾ ਸਾਡੀਆਂ ਅੱਖਾਂ 'ਚੋਂ ਲੰਘ ਕੇ ਸਮੂਲਚਾ ਸਾਡੇ ਮਨ-ਮਸਤਕ ਵਿਚ ਆਣ ਬਹਿੰਦਾ। ਖਿਡਾਰੀਆਂ ਦੀਆਂ ਨਾੜੀਆਂ ਵਿਚ ਦੌੜ ਰਿਹਾ ਗਰਮ ਖ਼ੂਨ ਪਾਠਕਾਂ ਦੀਆਂ ਰਗ਼ਾਂ ਵਿਚ ਉਬਾਲੇ ਲੈਣ ਲੱਗਦਾ। ਉਹ ਖਿਡਾਰੀ ਨਾਲ ਜੁੜੇ ਸਾਰੇ ਜੀਵਨ-ਵੇਰਵੇ ਅਜਿਹੀ ਸੁਹਜੀਲੀ-ਜੜਤ ਵਿਚ ਪੇਸ਼ ਕਰਦਾ ਕਿ ਖਿਡਾਰੀ ਦਾ ਪਿਛੋਕੜ, ਉਹਦੀ ਮਾਨਸਿਕਤਾ ਤੇ ਉਹਦਾ ਵਿਹਾਰ ਸਜਿੰਦ ਰੂਪ ਵਿਚ ਉਭਰ ਕੇ ਸਾਹਮਣੇ ਆ ਜਾਂਦਾ। ਉਹ ਨਹਾਇਤ ਉਮਦਾ ਕਾਰਾਗਰੀ ਨਾਲ ਸ਼ਬਦਾਂ ਤੇ ਵਾਕਾਂ ਨੂੰ ਸੰਜੋਦਾ-ਬੀੜਦਾ ਕਿ ਖਿਡਾਰੀ ਸਾਮਰਤੱਖ ਜ਼ਿੰਦਗੀ ਤੇ ਖੇਡ ਦੇ ਮੈਦਾਨ ਵਿਚ ਕਾਰਜਸ਼ੀਲ ਹੋਇਆ ਦਿਸਣ ਲੱਗਦਾ। ਜੇ ਟੀਮ ਹਾਰ ਜਾਂਦੀ ਤਾਂ ਉਹ ਮੈਦਾਨ ਵਿਚ ਢੱਠੇ, ਹਾਰੇ, ਅੱਥਰੂ ਕੇਰਦੇ ਖਿਡਾਰੀਆਂ ਦਾ ਅਜਿਹਾ ਮਾਰਮਿਕ ਦ੍ਰਿਸ਼ ਬਿਆਨਦਾ ਕਿ ਲਿਖਤ ਪੜ੍ਹਨ ਤੋਂ ਬਾਅਦ ਵੀ ਪਾਠਕ ਉਸ ਹਾਰ ਦਾ ਦੁੱਖ, ਪੀੜ ਤੇ ਨਮੋਸ਼ੀ ਆਪਣੇ ਨਾਲ ਨਾਲ ਚੁੱਕੀ ਫਿਰਦਾ। ਉਹਦੇ ਏਸੇ ਲਿਖਣ-ਅੰਦਾਜ਼ ਨੂੰ ਡਾ. ਹਰਿਭਜਨ ਸਿੰਘ ਨੇ 'ਅਥਲੈਟਿਕ ਸ਼ੈਲੀ' ਕਿਹਾ ਸੀ।

ਬੜੇ ਵਿਰਲੇ ਲੇਖਕਾਂ ਨੂੰ ਇਹ ਮਾਣ ਜਾਂਦਾ ਹੈ ਕਿ ਉਹਨਾਂ ਦੀਆਂ ਪਹਿਲੀਆਂ ਰਚਨਾਵਾਂ ਵਿਚੋਂ ਹੀ ਸਿਖ਼ਰਲੀ ਕਲਾਕਾਰੀ ਦਾ ਹੁਸਨ ਡਲ੍ਹਕਾਂ ਮਾਰਦਾ ਦਿਸੇ। ਸਰਵਣ ਸਿੰਘ ਦੀਆਂ 'ਆਰਸੀ' ਵਿਚ ਛਪ ਰਹੀਆਂ ਪਹਿਲੀਆਂ ਰਚਨਾਵਾਂ ਹੀ ਮਾਊਂਟ-ਐਵਰੈੱਸਟੀ ਬੁਲੰਦੀ ਤੋਂ ਬੋਲਦੀਆਂ ਸਨ। ਉਸ ਕੋਲ ਸ਼ਬਦਾਂ ਦੇ ਹੁਸਨ ਨੂੰ ਪਛਾਨਣ, ਤਰਤੀਬਣ ਤੇ ਵਿਉਂਤਣ ਦੀ ਅਲੋਕਾਰੀ ਸਮਰੱਥਾ ਸੀ। ਉਹ ਕਵਿਤਾ ਲਿਖਣ ਵਾਂਗ 'ਕੱਲੇ 'ਕੱਲੇ ਸ਼ਬਦ ਦੀ ਚੋਣ ਕਰਦਾ।ਜਿਵੇਂ ਸੂਝਵਾਨ ਸੁਨਿਆਰਾ ਛੋਟੀ ਚਿਮਟੀ ਨਾਲ ਨਗੀਨਿਆਂ ਨੂੰ ਚੁੱਕਦਾ ਤੇ ਪੂਰੀ ਸਿਆਣਪ, ਕਾਰੀਗਰੀ ਤੇ ਕਲਾਕਾਰੀ ਨਾਲ ਉਸਨੂੰ ਗਹਿਣਿਆਂ ਵਿਚ ਜੜਦਾ ਹੈ ਓਵੇਂ ਹੀ ਸਰਵਣ ਸਿੰਘ ਇਹਨਾਂ 'ਨਗੀਨੇ ਸ਼ਬਦਾਂ' ਨੂੰ ਵਾਕਾਂ ਵਿਚ ਇਸ ਅੰਦਾਜ਼ ਨਾਲ ਜੋੜਦਾ ਬੀੜਦਾ ਕਿ ਸ਼ਬਦਾਂ ਦੀ ਇਸ ਸੁਹਜੀਲੀ ਜੜਤ ਦੇ ਜਲੌਅ ਵਿਚੋਂ ਜ਼ਿੰਦਗੀ ਦਾ ਬਹੁਰੰਗਾ, ਬਹੁ-ਅਰਥੀ ਤੇ ਬਹੁ-ਪ੍ਰਭਾਵੀ ਹੁਸਨ ਝਲਕਾਰੇ ਮਾਰਨ ਲੱਗਦਾ। ਸ਼ਬਦਾਂ ਨਾਲ ਖੇਡਣ ਦਾ ਉਹ ਚੈਂਪੀਅਨ ਹੋ ਨਿੱਬੜਿਆ। ਉਹਦਾ ਦਿਲ ਕਰਦਾ ਤਾਂ ਸ਼ਬਦਾਂ ਵਿਚ ਅਜਿਹੇ ਰੰਗ ਘੋਲਦਾ ਕਿ ਪੜ੍ਹਨ ਵਾਲੇ ਸਾਹਮਣੇ ਸਾਕਾਰ ਮੂਰਤਾਂ ਪ੍ਰਤੱਖ ਹੋਣ ਲੱਗਦੀਆਂ। ਦਿਲ ਚਾਹੁੰਦਾ ਤਾਂ ਸ਼ਬਦਾਂ ਦੀ ਐਸੀ ਫ਼ਿਲਮੀ ਰੀਲ ਚਲਾਉਂਦਾ ਕਿ ਪਾਠਕ 'ਦਰਸ਼ਕ' ਬਣ ਕੇ ਰੰਗ-ਰਸ ਭਰੀ ਚੱਲਦੀ ਫ਼ਿਲਮ ਦਾ ਆਨੰਦ ਮਾਨਣ ਲੱਗਦੇ। ਇੰਜ ਉਹ 'ਅਥਲੈਟਿਕ ਸ਼ੈਲੀ' ਦੇ ਨਾਲ 'ਚਿਤ੍ਰਾਤਮਕ ਸ਼ੈਲੀ', 'ਦ੍ਰਿਸ਼ਾਤਮਕ ਸ਼ੈਲੀ' ਤੇ 'ਫ਼ਿਲਮਾਂਕਣ ਸ਼ੈਲੀ' ਦਾ ਉਸਤਾਦ ਹੋ ਨਿੱਬੜਿਆ।

'ਅੱਖਾਂ' ਦੀ ਭੁੱਖ ਤ੍ਰਿਪਤ ਕਰਨ ਲਈ ਉਹ ਕਈ ਨਜ਼ਾਰੇ ਅੱਖਾਂ ਅੱਗੇ ਲਿਆਉਂਦਾ ਹੈ। ਹਰੀਆਂ ਫ਼ਸਲਾਂ, ਖਿੜੇ-ਮਹਿਕੇ ਫੁੱਲਾਂ, ਝੀਲਾਂ-ਦਰਿਆਵਾਂ ਦੇ ਪਾਣੀ ਦੀਆਂ ਲਿਸ਼ਕੋਰਾਂ, ਅਸਮਾਨ ਵਿਚ ਉੱਡਦੀਆਂ ਤਿੱਤਰ-ਖੰਭੀਆਂ ਬਦਲੀਆਂ, ਭੁੱਜਦੇ ਰੇਤੇ, ਉੱਡਦੀ ਧੂੜ, ਘਿਰ ਆਏ ਬੱਦਲਾਂ, ਵਰ੍ਹਦੇ ਮੂਸਲੇਧਾਰ ਮੀਂਹਾਂ, ਸਿਰ 'ਤੇ ਆਏ ਸੂਰਜ ਦੀ ਲਿਸ਼ਕ ਤੇ ਡੁੱਬਦੇ ਸੂਰਜ ਦੀ ਲਾਲੀ ਆਦਿ ਦੇ ਦ੍ਰਿਸ਼ ਸਿਰਜ ਕੇ ਉਹ ਆਪਣੀ ਰਚਨਾ ਵਿਚ ਪ੍ਰਕਿਰਤੀ ਦਾ ਹੁਸਨ ਆਪਣੇ ਪੂਰੇ ਜਲੌਅ ਵਿਚ ਦ੍ਰਿਸ਼ਟਮਾਨ ਕਰ ਦਿੰਦਾ ਹੈ। ਖਿਡਾਰੀਆਂ ਦੇ ਟਰੈਕ ਸੂਟਾਂ ਦੇ ਰੰਗ, ਧਾਰੀਆਂ, ਉਹਨਾਂ ਦੇ ਪਿੰਡੇ ਤੋਂ ਵਹਿੰਦਾ ਮੁੜ੍ਹਕਾ, ਮੱਥੇ ਦੇ ਵੱਟ, ਅੱਖਾਂ ਦੀ ਗਹਿਰ, ਜਿੱਤ ਦਾ ਖੇੜਾ ਤੇ ਹਾਰ ਦੀ ਨਮੋਸ਼ੀ, ਪਿੰਡਿਆਂ ਅਤੇ ਪੰਡਾਲਾਂ ਦੇ ਰੰਗ ਪਾਠਕ ਨੂੰ ਸਾਕਾਰ ਦਿਸਣ ਲਾ ਦਿੰਦਾ ਹੈ।

'ਕੰਨ-ਰਸ' ਲਈ ਉਹਦੀ ਵਾਰਤਕ ਵਿਚ ਕਿਤੇ ਵੰਝਲੀਆਂ, ਸਾਰੰਗੀਆਂ ਤੇ ਅਲਗੋਜ਼ਿਆਂ ਦੀਆਂ ਸੁਰਾਂ ਸੁਣਦੀਆਂ ਹਨ; ਕਿਤੇ ਨਚਾਰ ਦੇ ਪੈਰਾਂ ਨਾਲ ਬੱਝੇ ਘੁੰਗਰੂ ਛਣਕਦੇ ਹਨ; ਕਿਤੇ ਰਣਜੀਤ ਸਿੰਘ ਸਿਧਵਾਂ ਤੇ ਚੰਦ ਸਿੰਘ ਜੰਡੀ ਦੀ ਬੁਲੰਦ ਆਵਾਜ਼ ਵਿਚ 'ਜੱਗ ਜੰਕਸ਼ਨ ਰੇਲਾਂ ਦਾ ਗੱਡੀ ਇਕ ਆਵੇ ਇਕ ਜਾਵੇ' ਦੀ ਉੱਚੀ ਹੇਕ ਸੁਣਾਈ ਦਿੰਦੀ ਹੈ। ਜੇ ਸੁੰਘਣ-ਸੁਆਦ ਨੂੰ ਤ੍ਰਿਪਤ ਕਰਨ ਲਈ ਉਹਦੀਆਂ ਲਿਖਤਾਂ ਵਿਚ ਤਲ਼ੇ ਜਾਂਦੇ ਪਕੌੜਿਆਂ, ਜਲੇਬੀਆਂ, ਪੱਤ ਚੜ੍ਹਨ 'ਤੇ ਆਏ ਗੁੜ ਦੀ ਮਹਿਕ, ਮਸਾਲੇਦਾਰ ਤੜਕੇ ਦੀ ਵਾਸ਼ਨਾਂ, ਭੱਠੀ 'ਚੋਂ ਨਿਕਲਦੀ ਸੌਂਫੀਆ ਸ਼ਰਾਬ ਦੀ 'ਖ਼ੁਸ਼ਬੋ' ਨਾਸਾਂ ਵਿਚ ਜਲੂਣ ਛੇੜਦੀ ਹੈ ਤਾਂ ਨਾਲ ਹੀ ਬੱਕਰੀ ਦਾ ਦੁੱਧ ਪਾ ਕੇ ਬਣਾਈ ਕੜੰਘੀ ਚਾਹ, ਭਾਫ਼ਾਂ ਛੱਡਦੇ ਗਰਮ ਤੜਕਾਏ ਸਾਗ ਵਿਚ ਘੁਲਦੀ ਮੱਖਣੀ, ਕਾੜ੍ਹਨੀ ਵਿਚ ਕੜ੍ਹਦੇ ਦੁੱਧ ਉੱਤੇ ਤਰਦੀ ਗੇਰੂਆ ਮਲਾਈ ਦਾ ਸਵਾਦ ਵੀ ਜੀਭ ਉੱਤੇ ਤੈਰਨ ਲੱਗਦਾ ਹੈ। ਪਾਠਕ ਇੰਦਿਆਰਵੀ-ਰਸ ਦਾ ਸਵਾਦ ਮਾਣਦਾ ਅੰਦਰੇ ਅੰਦਰ ਚਟਖ਼ਾਰੇ ਲੈਂਦਾ ਲਿਖਤ ਦੇ ਨਾਲ ਨਾਲ ਭੱਜਾ ਜਾਂਦਾ ਹੈ।

ਇਹ ਸਭ-ਕੁਝ ਕਰਨਾ ਸਰਵਣ ਸਿੰਘ ਦੀ ਰਚਨਾ-ਜੁਗਤ ਦਾ ਹਿੱਸਾ ਹੈ। ਉਹ ਮਨੁੱਖ ਦੇ ਮਨ ਅੰਦਰ ਪਏ ਸਥਾਈ ਭਾਵਾਂ ਨੂੰ ਟੁੰਬਣ ਦਾ ਹੁਨਰ ਵੀ ਬਾਖ਼ੂਬੀ ਜਾਣਦਾ ਹੈ। ਸੂਖ਼ਮ ਕਿਸਮ ਦਾ ਹਾਸ-ਵਿਅੰਗ ਤੇ ਟਿੱਚਰ-ਵਿਨੋਦ ਉਹਦੀ ਰਚਨਾ ਜੁਗਤ ਦਾ ਮੀਰੀ ਗੁਣ ਹੈ। ਉਹ ਪਾਠਕ ਨੂੰ ਕੁਤਕੁਤਾਰੀਆਂ ਕਰੀ ਜਾਂਦਾ ਹੈ, ਹਸਾਈ ਵੀ ਜਾਂਦਾ ਹੈ ਤੇ ਜ਼ਿੰਦਗੀ ਦੀ ਕਿਸੇ ਟੇਢ, ਨੁਕਸ ਤੇ ਬੇਤਰਤੀਬੀ ਦੀ ਸੁਹਜਮਈ ਠੁਕਾਈ ਵੀ ਕਰੀ ਜਾਂਦਾ ਹੈ। ਉਸਦੀ ਲਿਖਤ ਵਿਚ ਅਕਸਰ ਉਤਸ਼ਾਹ, ਖੇੜੇ, ਹੁਲਾਸ ਅਤੇ ਆਨੰਦ ਦਾ ਬੋਲਬਾਲਾ ਹੁੰਦਾ ਹੈ ਪਰ ਲੋੜ ਪੈਣ 'ਤੇ ਉਹ ਕਿਤੇ ਕਿਤੇ ਸਥਿਤੀ ਦੀ ਮੰਗ ਅਨੁਸਾਰ ਵਿਚ-ਵਿਚ ਅੱਥਰੂਆਂ ਦਾ ਛੱਟਾ ਵੀ ਦੇਈ ਜਾਂਦਾ ਹੈ। ਪਰ ਉਹ ਪਾਠਕ ਨੂੰ ਅੱਥਰੂਆਂ ਵਿਚ ਡੁੱਬਣ ਨਹੀਂ ਦਿੰਦਾ। ਮਾੜੀਆਂ ਜਿਹੀਆਂ ਅੱਖਾਂ ਸਿੱਲ੍ਹੀਆਂ ਹੁੰਦੀਆਂ ਹਨ ਤਾਂ ਉਹ ਫਿਰ ਪਾਠਕ ਦੀ ਵੱਖੀ ਕੁਤਕੁਤਾ ਦਿੰਦਾ ਹੈ। ਰੋਂਦੇ-ਰੋਂਦੇ ਬੰਦੇ ਦੇ ਬੁੱਲ੍ਹਾਂ 'ਤੇ ਮੁੜ ਮੁਸਕਣੀ ਖਿੜ ਉੱਠਦੀ ਹੈ। ਉਹਦੀ ਰਚਨਾ ਪੜ੍ਹਦਿਆਂ ਪਾਠਕ ਰੰਗ, ਰਸ, ਗੰਧ ਦਾ ਸਵਾਦ ਵੀ ਮਾਣਦਾ ਹੈ; ਹੱਸਦਾ-ਮੁਸਕਰਾਉਂਦਾ ਵੀ ਹੈ; ਉਹਦੀਆਂ ਅੱਖਾਂ ਵੀ ਭਿੱਜਦੀਆਂ ਹਨ; ਮੁੜ੍ਹਕੋ-ਮੁੜ੍ਹਕੀ ਵੀ ਹੁੰਦਾ ਹੈ; ਰੋਹ ਵਿਚ ਵੀ ਆਉਂਦਾ ਹੈ, ਜਿੱਤ ਦੇ ਮੰਚ 'ਤੇ ਖਿਡਾਰੀ ਨਾਲ ਖਲੋ ਕੇ ਆਨੰਦਤ ਵੀ ਹੁੰਦਾ ਹੈ, ਅਸਫ਼ਲ ਹੋਣ 'ਤੇ ਨਿੰਮੋਝੂਣ ਉਦਾਸੀ ਵਿਚ ਸਿਰ ਵੀ ਸੁੱਟਦਾ ਹੈ ਤੇ ਜ਼ਿੰਦਗੀ ਦੇ ਅਨੇਕਾਂ ਵਰਤਾਰਿਆਂ ਦੀ ਸਹਿਜ ਸਮਝ ਵੀ ਪ੍ਰਾਪਤ ਕਰਦਾ ਹੈ।

*... ਬਾਕੀ ਪੰਨਾ ਅਗਲੇ 'ਤੇ*

# ਪੰਜਾਬੀ ਵਾਰਤਕ ਦਾ ਉੱਚਾ ਬੁਰਜ

... ਪੰਨਾ 6 ਦਾ ਬਾਕੀ

ਨਿਸਚੈ ਹੀ ਸਰਵਣ ਸਿੰਘ ਦਾ ਪੰਜਾਬੀ ਵਾਰਤਕ ਦੇ ਖੇਤਰ ਵਿਚ ਵਿਲੱਖਣ ਸਥਾਨ ਹੈ। ਉਹ ਪੰਜਾਬੀ ਵਿਚ ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣ ਵਾਲਾ ਪਹਿਲਾ, ਵੱਡਾ ਤੇ ਪ੍ਰਮਾਣਿਕ ਲੇਖਕ ਹੈ।ਪਰ ਸਰਵਣ ਸਿੰਘ ਨੇ ਸਿਰਫ਼ ਖੇਡਾਂ ਜਾਂ ਖਿਡਾਰੀਆਂ ਬਾਰੇ ਹੀ ਨਹੀਂ ਲਿਖਿਆ। ਉਹਦੀਆਂ ਲਿਖਤਾਂ ਵਿਚ ਪੰਜਾਬ ਦਾ ਪਿੰਡ ਆਪਣੇ ਸਾਰੇ ਰੰਗਾਂ, ਸੁਰਤੀਆਂ-ਬਿਰਤੀਆਂ ਵਿਚ ਉੱਠਦਾ, ਜਾਗਦਾ, ਅੰਗੜਾਈਆਂ ਭਰਦਾ, ਹੱਸਦਾ-ਖੇਡਦਾ, ਤਰਦਾ-ਡੁੱਬਦਾ, ਚੜ੍ਹਦਾ-ਤਿਲਕਦਾ, ਖਲੋਤਾ-ਤੁਰਦਾ, ਲਲਕਾਰੇ ਮਾਰਦਾ ਤੇ ਭੁੱਬੀਂ ਰੋਂਦਾ ਦਿਖਾਈ ਦਿੰਦਾ ਹੈ। ਅੱਜ ਤੱਕ ਪੰਜਾਬ ਦੇ ਪਿੰਡਾਂ ਬਾਰੇ ਸਭ ਤੋਂ ਪ੍ਰਮਾਣਿਕ ਪੁਸਤਕ ਗਿਆਨੀ ਗੁਰਦਿੱਤ ਸਿੰਘ ਦੀ 'ਮੇਰਾ ਪਿੰਡ' ਗਿਣੀ ਜਾਂਦੀ ਹੈ। ਗੁਰਦਿੱਤ ਸਿੰਘ ਨੇ ਪੰਜਾਬ ਦੇ ਪਿੰਡ ਦੀ ਕਹਾਣੀ ਨੂੰ ਜਿੱਥੇ ਛੱਡਿਆ ਸੀ, ਸਰਵਣ ਸਿੰਘ ਨੇ ਇਹ 'ਦੌੜ' ਉਸ ਤੋਂ ਅੱਗੇ ਸ਼ੁਰੂ ਕੀਤੀ ਹੈ। 'ਪਿੰਡ ਦੀ ਸੱਥ ਚੋਂ', 'ਬਾਤਾਂ ਵਤਨ ਦੀਆਂ' ਤੇ 'ਫੇਰੀ ਵਤਨਾਂ ਦੀ' ਪੜ੍ਹ ਕੇ ਹੀ ਪਤਾ ਲੱਗੇਗਾ ਕਿ ਗੁਰਦਿੱਤ ਸਿੰਘ ਤੋਂ 'ਬੈਟਨ' ਫੜ ਕੇ ਸਰਵਣ ਸਿੰਘ ਨੇ 'ਆਪਣੇ ਹਿੱਸੇ ਦੀ ਦੌੜ' ਕਿੰਨੇ ਤਾਣ ਤੇ ਸ਼ਾਨ ਨਾਲ ਦੌੜੀ ਹੈ!

ਪਿਛਲੇ ਪੰਜਾਹ-ਸੱਠ ਸਾਲਾਂ ਵਿਚ ਪੰਜਾਬ ਦਾ ਪਿੰਡ ਕਿਵੇਂ ਜੀਵਿਆ, ਵਿਚਰਿਆ ਤੇ ਬਦਲਿਆ, ਇਸਦੀ ਸਭ ਤੋਂ ਵੱਡੀ ਯਾਦ-ਯੋਗ ਝਾਕੀ ਸਰਵਣ ਸਿੰਘ ਦੀਆਂ ਲਿਖਤਾਂ ਵਿਚੋਂ ਹੀ ਮਿਲੇਗੀ। ਇਹਨਾਂ ਲਿਖਤਾਂ ਵਿਚ ਬਦਲ ਰਹੇ ਪੰਜਾਬ ਦੀ ਆਤਮਾ ਦੇ ਬਹੁ-ਰੰਗੇ ਝਲਕਾਰੇ ਦ੍ਰਿਸ਼ਟਮਾਨ ਹੁੰਦੇ ਹਨ। ਉਹਨੇ ਗਿਆਨੀ ਗੁਰਦਿੱਤ ਸਿੰਘ ਦੇ ਬੁਲੰਦ ਝੰਡੇ ਦੇ ਨਾਲ ਆਪਣਾ ਝੰਡਾ ਵੀ ਬਰਾਬਰ ਗੱਡ ਦਿੱਤਾ ਹੈ। ਜੇ ਇਹ ਝੰਡਾ ਗਿਆਨੀ ਹੁਰਾਂ ਦੇ ਝੰਡੇ ਤੋਂ ਉੱਚਾ ਨਹੀਂ ਤਾਂ ਛੋਟਾ ਤਾਂ ਕਿਸੇ ਸੂਰਤ ਵਿਚ ਵੀ ਨਹੀਂ। ਸਰਵਣ ਸਿੰਘ ਵਰਗੀ ਵਾਰਤਕ ਗਿਆਨੀ ਹੁਰਾਂ ਤੋਂ ਨਹੀਂ ਲਿਖੀ ਜਾ ਸਕੀ। ਇਹ ਹਾਰੀ ਸਾਰੀ ਦੇ ਵਸ ਦਾ ਹੁਨਰ ਨਹੀਂ! ਇਹ ਵਾਰਤਕ ਸਰਵਣ ਸਿੰਘ ਹੀ ਲਿਖ ਸਕਦਾ ਹੈ।

ਮੇਰਾ ਧਿਆਨ ਸਰਵਣ ਸਿੰਘ ਦੀਆਂ ਗਾਹੇ-ਬ-ਗਾਹੇ ਲਿਖੀਆਂ ਚੰਦ ਕੁ ਕਹਾਣੀਆਂ ਵੱਲ ਵੀ ਜਾਂਦਾ ਹੈ। ਉਹਨੇ ਗਿਣਤੀ ਵਿਚ ਲਿਖੀਆਂ ਤਾਂ ਭਾਵੇਂ ਘੱਟ ਹੀ, ਪਰ ਜਿਹੜੀਆਂ ਵੀ ਲਿਖੀਆਂ, ਉਹਨਾਂ ਵਿਚੋਂ ਘੱਟੋ ਘੱਟ ਅੱਧੀਆਂ ਦਾ ਕੱਦ ਤਾਂ ਪੰਜਾਬੀ ਵਿਚ ਲਿਖੀਆਂ ਗਈਆਂ ਬਿਹਤਰੀਨ ਕਹਾਣੀਆਂ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ। 'ਨਚਾਰ' ਜਿੱਥੇ ਦੂਹਰੇ ਮਨੁੱਖੀ ਕਿਰਦਾਰ ਦੀ ਸਹਿਜ ਤੇ ਕਲਾਤਮਕ ਅੱਕਾਸੀ ਦੀ ਯਾਦਗਾਰੀ ਤਸਵੀਰ ਹੈ ਓਥੇ ਪੰਜਾਬ ਦੇ ਪੇਂਡੂ ਸਭਿਆਚਾਰ ਨਾਲ ਜੁੜੇ ਪਾਤਰਾਂ ਦੇ ਮਨਪ੍ਰਚਾਵੇ, ਮਾਹੌਲ, ਮਾਨਸਿਕਤਾ ਦਾ ਅਤਿ-ਪ੍ਰਭਾਵੀ ਜੀਵੰਤ ਚਿਤਰ ਵੀ ਹੈ। 'ਬੁੱਢਾ ਤੇ ਬੀਜ' ਉਸ ਸਿਰੜੀ, ਸਿਦਕੀ, ਸਬਰ-ਸਬੂਰੀ ਵਾਲੇ ਸੰਘਰਸ਼ਸ਼ੀਲ ਪੰਜਾਬੀ ਦੀ ਸਦਾ ਲਈ ਚੇਤਿਆਂ ਵਿਚ ਵੱਸ ਜਾਣ ਵਾਲੀ ਕਲਾਮਈ ਦਾਸਤਾਨ ਹੈ ਜਿਹੜਾ ਹਾਲਾਤ ਅੱਗੇ ਕਦੀ ਵੀ ਹਾਰ ਨਹੀਂ ਮੰਨਦਾ; ਜੋ ਬਾਰ ਬਾਰ ਡਿੱਗ ਕੇ ਮੁੜ ਉੱਠਦਾ ਹੈ ਤੇ ਹਰੇਕ ਅਸਾਵੀਂ ਤੇ ਅਣਸੁਖਾਵੀਂ ਸਥਿਤੀ ਵਿਚ ਹਰ ਵਾਰ ਨਵੀਂ ਲੜਾਈ ਲੜਨ ਲਈ ਤਿਆਰ ਰਹਿੰਦਾ ਹੈ। 'ਪੰਜ ਰੁਪਿਆਂ ਦਾ ਭਾਰ' ਕਹਾਣੀ ਮਨੁੱਖੀ ਮਨ ਦੀ ਬਹੁ-ਰੰਗਤਾ, ਤਰਲਤਾ ਤੇ ਤਰੰਗਤਾ ਦਾ ਦਿਲ ਨੂੰ ਛੂਹ ਜਾਣ ਵਾਲਾ ਅਜਿਹਾ ਸਜਿੰਦ ਬਿਰਤਾਂਤ ਹੈ ਕਿ ਕਹਾਣੀ ਪੜ੍ਹਦਿਆਂ ਬਿਰਤਾਂਤਕਾਰ ਤੇ ਬੱਸ ਦੇ ਡਰਾਈਵਰ ਦੇ ਨਾਲ ਪਾਠਕ ਦੀਆਂ ਅੱਖਾਂ ਵੀ ਸਿੱਲ੍ਹੀਆਂ ਹੋ ਜਾਂਦੀਆਂ ਹਨ। ਬਿਰਤਾਂਤਕਾਰ ਆਪਣੀ ਗੱਲ ਕਹਿ ਕੇ ਤੇ ਡਰਾਈਵਰ ਬੱਸ ਵਿਚ ਬਹਿ ਕੇ ਆਪ ਤਾਂ ਦ੍ਰਿਸ਼ ਤੋਂ ਅਲੋਪ ਹੋ ਜਾਂਦੇ ਹਨ ਪਰ ਜਾਂਦੇ ਜਾਂਦੇ ਦੋਵੇਂ ਜਣੇ ਆਪਣੇ ਮਨ ਦਾ ਸਾਰਾ ਭਾਰ ਪਾਠਕ ਦੇ ਮਨ 'ਤੇ ਉਲੱਦ ਜਾਂਦੇ ਹਨ। ਮੈਂ ਜਦ ਵੀ ਇਸ ਕਹਾਣੀ ਦੇ ਅੰਤ ਨੂੰ ਚੇਤੇ ਕਰਦਾ ਹਾਂ ਤਾਂ ਓਸੇ ਵੇਲੇ ਦੋਵਾਂ ਪਾਤਰਾਂ ਦੇ ਮਨ ਦਾ ਭਾਰ ਮੇਰੇ ਮਨ 'ਤੇ ਆਣ ਟਿਕਦਾ ਹੈ। ਇੰਜ ਹੀ 'ਨਿਧਾਨਾ ਸਾਧ ਨਹੀਂ' ਅਤੇ 'ਉੱਡਦੀ ਧੂੜ ਦਿਸੇ' ਕਹਾਣੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਹ ਸਤਰਾਂ ਲਿਖਦਿਆਂ ਮੈਨੂੰ ਆਪ ਵੀ ਸੰਗ ਆ ਰਹੀ ਹੈ ਕਿ ਕੁਝ ਮਹੱਤਵਪੂਰਨ ਕਹਾਣੀ ਸੰਗ੍ਰਹਿ ਸੰਪਾਦਤ ਕਰਨ ਸਮੇਂ ਮੈਨੂੰ ਇਹਨਾਂ ਕਹਾਣੀਆਂ ਨੂੰ ਉਹਨਾਂ ਸੰਗ੍ਰਹਿਆਂ ਵਿਚ ਸ਼ਾਮਲ ਕਰਨ ਦਾ ਖ਼ਿਆਲ ਕਿਉਂ ਨਾ ਆਇਆ?

ਇਸ ਵਿਚ ਕਸੂਰ ਮੇਰਾ ਵੀ ਹੈ ਤੇ ਸਰਵਣ ਸਿੰਘ ਦਾ ਵੀ। ਮੇਰਾ ਇਸ ਕਰਕੇ ਕਿ ਮੈਂ ਖੇਡ ਲੇਖਣੀ ਦੇ ਸਿਕੰਦਰੇ-ਆਜ਼ਮ ਸਰਵਣ ਸਿੰਘ ਦੇ ਡਲ੍ਹਕਾਂ ਮਾਰਦੇ ਹੀਰਿਆਂ ਜੜੇ ਤਾਜ ਵੱਲ ਹੀ ਇੱਕ-ਟੱਕ ਵੇਖੀ ਗਿਆ; ਉਸਦੀ ਸ਼ਹਿਨਸ਼ਾਹੀ ਦੇ ਜਲੌਅ ਨੇ ਕਿਸੇ ਹੋਰ ਪਾਸੇ ਨਜ਼ਰ ਜਾਣ ਹੀ ਨਾ ਦਿੱਤੀ। ਉਹਦਾ ਕਸੂਰ ਇਹ ਹੈ ਕਿ ਉਹ ਆਪਣੇ ਆਪ ਨੂੰ ਖੇਡ-ਲੇਖਕ ਵਜੋਂ ਸਥਾਪਤ ਕਰਨ ਵਿਚ ਰੁੱਝ ਗਿਆ ਤੇ ਪੈਂਦੀ ਸੱਟੇ ਇਸ ਖ਼ੇਤਰ ਵਿਚ ਬਣੀ ਸਰਬ ਪ੍ਰਵਾਨਿਤ ਸਰਦਾਰੀ ਨਾਲ ਏਨਾ ਸਰੂਰਿਆ ਗਿਆ ਕਿ ਬਾਕੀ ਦੀਆਂ ਸਾਹਿਤਕ ਵਿਧਾਵਾਂ ਨੂੰ ਓਂ ਹੀ ਟਿੱਚ ਸਮਝਣ ਲੱਗਾ। ਉਸ ਦਾ ਕਥਨ ਹੈ, "ਕਹਾਣੀਆਂ ਲਿਖੀ ਜਾਂਦਾ ਤਾਂ ਨਾ ਮੈਂ ਤਿੰਨਾਂ 'ਚ ਹੁੰਦਾ ਤੇ ਨਾ ਤੇਰ੍ਹਾਂ 'ਚ। ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣ 'ਚ ਮੈਂ ਪਹਿਲੇ ਨੰਬਰ 'ਤੇ ਹਾਂ।"

ਉਹਦੇ ਇਸ ਕਥਨ ਬਾਰੇ ਮੈਂ ਸਿਰਫ਼ ਏਨੀ ਟਿੱਪਣੀ ਕਰਨੀ ਹੈ ਕਿ ਸਰਵਣ ਸਿੰਘ ਨਾਲੋ ਨਾਲ ਕਹਾਣੀਆਂ ਵੀ ਲਿਖੀ ਜਾਂਦਾ ਤਾਂ 'ਤੇਰ੍ਹਾਂ' ਵਿਚ ਤਾਂ ਉਸਦੀ ਗਿਣਤੀ ਕਦੀ ਵੀ ਨਹੀਂ ਸੀ ਹੋਣੀ ਸਗੋਂ ਮੇਰਾ ਦਾਅਵਾ ਹੈ ਕਿ ਉਹ 'ਤਿੰਨਾਂ' ਵਿਚ ਤਾਂ ਹਰ ਹਾਲਤ ਵਿਚ ਹੀ ਹੁੰਦਾ। ਇਹ ਵੀ ਵੱਡੀ ਗੱਲ ਨਹੀਂ ਕਹਾਣੀਕਾਰ ਵੀ ਪਹਿਲੇ ਨੰਬਰ ਦਾ ਹੀ ਬਣ ਜਾਂਦਾ ਤੇ ਹੁਣ ਤੋਂ ਕਈ ਚਿਰ ਪਹਿਲਾਂ ਸਾਹਿਤ ਅਕਾਦਮੀ ਦਾ ਇਨਾਮ ਵੀ ਕੁੱਟ ਚੁੱਕਾ ਹੁੰਦਾ। ਉਹਦੀ ਸਵੈਜੀਵਨੀ ਤੇ ਸਫ਼ਰਨਾਮੇਂ ਪੜ੍ਹ ਕੇ ਵੇਖ ਲਵੋ ਮੇਰੇ ਆਖੇ ਦੀ ਸਦਾਕਤ ਜਾਣ ਜਾਵੋਗੇ। 'ਅੱਖੀਂ ਵੇਖ ਨਾ ਰੱਜੀਆਂ' ਸਫ਼ਰਨਾਮੇ ਦਾ ਪੰਜਾਬੀ ਦੇ ਚੁਨਿੰਦਾ ਸਫ਼ਰਨਾਮਿਆਂ ਵਿਚ ਜ਼ਿਕਰ ਕੀਤਾ ਜਾਂਦਾ ਹੈ। ਸਵੈ-ਜੀਵਨੀ 'ਹਸੰਦਿਆਂ ਖੇਲੰਦਿਆਂ' ਦਾ ਸ਼ੁਮਾਰ ਵੀ ਪੰਜਾਬੀ ਦੀਆਂ ਪ੍ਰਮਾਣਿਕ ਤੇ ਯਾਦ-ਯੋਗ ਸਵੈ-ਜੀਵਨੀਆਂ ਵਿਚ ਕੀਤਾ ਜਾਵੇਗਾ।

ਹਾਲ ਦੀ ਘੜੀ ਮੈਂ ਲੇਖਕ ਸਰਵਣ ਸਿੰਘ ਬਾਰੇ ਹੀ ਲਿਖਿਆ ਹੈ, ਸੋਹਣੇ ਸੱਜਣ ਸਰਵਣ 'ਬੰਦੇ' ਬਾਰੇ ਕਦੀ ਫੇਰ ਗੱਲਾਂ ਕਰਾਂਗੇ। ਉਂਜ ਬੰਦੇ ਦਾ ਹੋਣਾ, ਜੀਣਾ-ਥੀਣਾ ਉਹਦਾ ਵਿਚਾਰ ਤੇ ਵਿਹਾਰ ਹੀ ਰਚਨਾ ਵਿਚੋਂ ਸਫ਼ੁਟਤ ਹੁੰਦਾ ਹੈ। ਉਹ ਸਿਰੜੀ ਤੇ ਸਿਦਕਵਾਨ ਹੈ।ਸਹਿਜ ਅਤੇ ਸੰਤੁਲਤ ਹੈ। ਰੀਂ ਰੀਂ ਕਰਨ ਵਾਲਾ ਰੋਦੂ ਨਹੀਂ; ਹਸੰਦੜਾ-ਖੇਲੰਦੜਾ ਹੈ; ਜ਼ਿੰਦਗੀ ਜਿਊਣ ਅਤੇ ਮਾਨਣ ਦੇ ਚਾਅ ਨਾਲ ਗਲ਼-ਗ਼ਲ਼ ਤੱਕ ਡੁੱਬਾ ਹੋਇਆ ਜ਼ਿੰਦਗੀ ਦਾ ਆਸ਼ਕ ਹੈ। ਸੰਸਾਰ ਦੇ ਸਾਰੇ ਸੁਹੱਪਣ ਨੂੰ ਇਕੋ ਵਾਰ ਗਲਵੱਕੜੀ ਵਿਚ ਲੈ ਲੈਣ ਲਈ ਕਾਹਲਾ। ਇਹ ਸਾਰਾ ਕੁਝ ਉਹਦੀ ਲਿਖਤ ਵਿਚੋਂ ਵੀ ਡੁੱਲ੍ਹ ਡੁੱਲ੍ਹ ਪੈਂਦਾ ਹੈ। ਸਫ਼ਰਨਾਮੇ 'ਅੱਖੀਂ ਵੇਖ ਨਾ ਰੱਜੀਆਂ' ਦਾ ਨਾਮਕਰਨ ਉਹਦੀ ਜੀਵਨ ਨੂੰ ਰੱਜ ਰੱਜ ਕੇ ਵੇਖਣ ਤੇ ਮਾਣਨ ਦੀ ਚਾਹਤ ਦਾ ਹੀ ਪ੍ਰਗਟਾ ਹੈ। ਸਵੈ-ਜੀਵਨੀ 'ਹਸੰਦਿਆਂ ਖੇਲੰਦਿਆਂ' ਦਾ ਸਿਰਲੇਖ ਜੀਵਨ ਪ੍ਰਤੀ ਉਹਦੇ ਹਾਂ-ਮੁਖੀ ਰਵੱਈਏ ਦੀ ਸ਼ਾਹਦੀ ਭਰਦਾ ਹੈ। ਉਹਦੀ ਲਿਖਤ ਵਿਚ ਕਿਧਰੇ ਵੀ ਬੇਲੋੜੀ ਉਪਭਾਵਕਤਾ ਦਾ ਲਿਜ਼ਲਿਜ਼ਾ ਪ੍ਰਦਰਸ਼ਨ ਨਹੀਂ ਹੋਇਆ, ਕਿਧਰੇ ਵੀ ਸੰਘਣੀ ਉਦਾਸੀ ਦੇ ਲੰਮੇ ਪ੍ਰਛਾਵੇਂ ਨਹੀਂ ਦਿਸਦੇ। ਨਾ ਉਹ ਜ਼ਿੰਦਗੀ ਵਿਚ ਕਿਸੇ ਨਾਲ ਈਰਖ਼ਾ ਤੇ ਸਾੜਾ ਕਰਦਾ ਹੈ ਨਾ ਹੀ ਉਹਦੀ ਲਿਖਤ ਵਿਚ ਕਿਸੇ ਨਾਲ ਵੈਰ-ਭਾਵ ਦੀ ਹੁਮਕ ਆਉਂਦੀ ਹੈ। ਉਹ ਤਾਂ ਖ਼ੂਬਸੂਰਤ ਤੇ ਖ਼ੁਸ਼ਬੂਦਾਰ ਇਨਸਾਨ ਹੈ। ਇੰਜ ਦੀ ਹੀ ਉਹਦੀ ਲਿਖਤ ਹੈ। ਹਰ ਵੇਲੇ ਮਹਿਕਾਂ ਵੰਡਦੀ, ਉਤਸ਼ਾਹ ਤੇ ਪ੍ਰੇਰਨਾ ਦਿੰਦੀ, ਡਿੱਗਿਆਂ ਹੋਇਆਂ ਨੂੰ ਉਠਣ ਤੇ ਤੁਰਨ ਲਈ ਵੰਗਾਰਦੀ ਤੇ ਸਾਰੀ ਦੁਨੀਆਂ ਨੂੰ ਆਪਣੀ ਹਿੱਕ ਅਤੇ ਮੁਹੱਬਤ ਦੇ ਜ਼ੋਰ 'ਤੇ ਫ਼ਤਹਿ ਕਰ ਲੈਣ ਲਈ ਹੌਂਸਲਾ ਦਿੰਦੀ ਹੋਈ।

ਸਰਵਣ ਸਿੰਘ ਰੌਸ਼ਨੀ ਦਾ ਆਸ਼ਕ ਹੈ, ਕਾਲਖ਼ ਦਾ ਵਣਜਾਰਾ ਨਹੀਂ। ਉਹ ਕਲਮ ਦੀ ਬੁਰਸ਼-ਛੁਹ ਨਾਲ ਮਨਾਂ ਨੂੰ ਲਬੇੜਨ ਵਾਲਾ ਨਹੀਂ ਸਗੋਂ ਮਨਾਂ ਦੀ ਮੈਲ਼ ਧੋਣ ਵਾਲਾ ਲੇਖਕ ਹੈ। 'ਬੀਮਾਰ' ਦ੍ਰਿਸ਼ਟੀ ਦੀ ਥਾਂ ਉਸਨੇ 'ਸਿਹਤਮੰਦ' ਨਜ਼ਰ ਨਾਲ ਜੀਵਨ ਨੂੰ ਵੇਖਿਆ ਹੈ।ਸਰਵਣ ਸਿੰਘ 'ਕਾਗ' ਨਹੀਂ 'ਹੰਸ' ਹੈ। ਉਹ ਕੂੜਾ ਤੇ ਗੰਦ ਨਹੀਂ ਫੋਲਦਾ।ਉਹਦੀ ਹੰਸ-ਬੁੱਧ ਮੋਤੀਆਂ ਦੀ ਮੁਤਲਾਸ਼ੀ ਹੈ। ਗਾਰਗੀ ਦੀ ਵਾਰਤਕ ਤੋਂ ਪ੍ਰਭਾਵਤ ਹੋ ਕੇ ਵੀ ਉਹ ਗਾਰਗੀ ਤੋਂ ਕਿਤੇ ਵੱਖਰਾ ਅਤੇ ਵਿੱਥ 'ਤੇ ਖਲੋਤਾ ਅਸਮਾਨੀ ਸਿਖ਼ਰਾਂ ਛੂਹ ਰਿਹਾ ਹੈ; ਲਾਹੌਰ ਦੇ ਉੱਚੇ ਬੁਰਜ ਵਾਂਗ; ਜਿਸਦੇ ਹੇਠੋਂ ਸਿਰਜਣਾ ਦੇ ਭਰ-ਵਹਿੰਦੇ ਦਰਿਆ ਵਗਦੇ ਹਨ, ਜਿਨ੍ਹਾਂ ਦਾ ਪਾਣੀ ਰੂਹਾਂ ਨੂੰ ਸਿੰਜਦਾ, ਮਨਾਂ ਦੀਆਂ ਹਰਿਆਵਲਾਂ ਨੂੰ ਹੋਰ ਹਰੀਆਂ ਕਰਦਾ, ਆਸਾਂ-ਉਮੀਦਾਂ ਦੇ ਬੂਟਿਆਂ ਨੂੰ ਨਵੇਂ-ਨਵੇਂ ਫ਼ਲ-ਫੁੱਲ ਲਾਉਂਦਾ, ਜ਼ਿੰਦਗੀ ਦੀ ਫ਼ਸਲ ਨੂੰ ਲਹਿਲਹਾਉਣ ਲਾ ਦਿੰਦਾ ਹੈ।

ਕਿਹਾ ਜਾਂਦਾ ਹੈ ਕਿ ਕਾਮ ਅਤੇ ਕਰੁਣਾ ਦਾ ਬਿਆਨ ਅਤੇ ਵਰਨਣ ਕਿਸੇ ਵੀ ਲਿਖਤ ਨੂੰ ਸਭ ਤੋਂ ਵੱਧ ਪੜ੍ਹਨ-ਯੋਗ ਬਨਾਉਣ ਦੀ ਢੁਕਵੀਂ ਜੁਗਤ ਹੈ। ਪਰ ਇਹ ਸਰਵਣ ਸਿੰਘ ਦੀ ਲਿਖਤ ਦਾ ਕਮਾਲ ਹੀ ਹੈ ਕਿ ਉਹਨੇ ਆਪਣੀ ਰਚਨਾ ਵਿਚ ਇਹਨਾਂ ਸੰਦਾਂ ਦੀ ਵਰਤੋਂ ਤੋਂ ਬਗ਼ੈਰ ਹੀ ਲਟ ਲਟ ਬਲਦੇ ਜਲੌਅ ਵਾਲੀ ਅਜਿਹੀ ਸੋਹਣੀ ਤੇ ਸੁਹੰਢਣੀ ਵਾਰਤਕ ਸਿਰਜੀ ਹੈ ਕਿ ਪੜ੍ਹਨਯੋਗਤਾ ਦਾ ਇੱਕ ਨਵਾਂ ਤੇ ਨਿਆਰਾ ਮਿਆਰ ਸਥਾਪਤ ਕਰ ਦਿੱਤਾ ਹੈ। ਇਹ ਮਿਆਰ ਹੋਰਨਾਂ ਲੇਖਕਾਂ ਲਈ ਵੀ ਵੰਗਾਰ ਹੈ। ਸਾਡੀ ਤਮੰਨਾਂ ਹੈ ਕਿ ਕੋਈ ਸੂਰਮਾ ਰਚਨਾਕਾਰ ਆਵੇ ਤੇ ਸਰਵਣ ਸਿੰਘ ਦੇ ਮੈਦਾਨ ਵਿਚ ਰੱਖੇ 'ਪਾਨਾਂ ਦੇ ਬੀੜੇ' ਨੂੰ ਚੁੱਕਣ ਦਾ ਸਾਹਸ ਕਰੇ!

ਸਰਵਣ ਸਿੰਘ ਬੜਾ ਧੱਕੜ-ਧਾਵੀ ਲਿਖਾਰੀ ਹੈ। ਮੈਂ ਬੜਾ ਜ਼ੋਰ ਲਾਇਆ ਹੈ ਕਿ ਉਸਨੂੰ ਕਿਸੇ ਨਾ ਕਿਸੇ ਪਾਸਿਓਂ ਕਾਬੂ ਕਰਾਂ। ਗੁੱਟ ਫੜਾਂ ਤਾਂ ਤੁਰਤ ਹੁਜਕਾ ਮਾਰ ਕੇ ਛੁਡਾ ਲੈਂਦਾ ਹੈ, ਲੱਤਾਂ ਨੂੰ ਜੱਫਾ ਮਾਰਨ ਪਵਾਂ ਤਾਂ ਹਿਰਨ ਵਾਂਗ ਚੁੰਗੀ ਭਰ ਕੇ ਮੇਰੇ ਉੱਤੋਂ ਦੀ ਛਾਲ ਮਾਰ ਜਾਂਦਾ ਹੈ। ਕੈਂਚੀ ਮਾਰਾਂ ਤਾਂ ਮੈਨੂੰ ਕੁੱਛੜ ਚੁੱਕੀ ਲਕੀਰ ਟੱਪ ਜਾਂਦਾ ਹੈ। ਗੱਲ ਕੀ; ਉਹਦੇ 'ਚ ਜਾਨ ਹੀ ਏਨੀ ਹੈ, ਜਿਸਮ ਈ ਏਨਾਂ ਤਿਲ੍ਹਕਵਾਂ ਹੈ ਕਿ ਜਿਹੜੇ ਵੀ ਅੰਗ ਨੂੰ ਹੱਥ ਪਾਵਾਂ ਉਹ ਬਦੋ-ਬਦੀ ਹੱਥਾਂ 'ਚੋਂ ਤਿਲ੍ਹਕ ਕੇ ਨਿਕਲ ਜਾਂਦਾ ਹੈ।

ਹਾਰ ਕੇ ਮੈਂ ਸੋਚਿਆ ਕਿ ਉਹ 'ਕੱਲੇ ਨਾਲ 'ਕੱਲੇ ਦੀ 'ਕਬੱਡੀ' ਵਿਚ ਤਾਂ ਮੇਰੇ ਕਾਬੂ ਨਹੀਂ ਆ ਸਕਣਾ ਕਿਉਂ ਨਾ ਉਸਨੂੰ 'ਸਾਂਝਾ ਜੱਫਾ' ਲਾਇਆ ਜਾਵੇ। ਪਰ ਸੱਚੀ ਗੱਲ ਹੈ ਕਿ ਕਾਬੂ ਉਹ ਸਾਡੀ ਸਾਂਝੀ ਟੀਮ ਤੋਂ ਵੀ ਨਹੀਂ ਆਇਆ। ਬਿਨਾਂ ਪਿੰਡੇ ਨੂੰ ਮਿੱਟੀ ਲਵਾਇਆਂ ਉਹ ਸਾਥੋਂ ਛੁੱਟ ਕੇ ਹੰਦਿਆਂ ਦੇ ਪਾਰ ਖਲੋਤਾ, ਪਿੱਛੇ ਮੁੜ ਕੇ ਸਾਡੇ ਵੱਲ ਵਿੰਹਦਾ ਖਿੜ ਖਿੜ ਹੱਸੀ ਜਾਂਦਾ ਹੈ ਤੇ ਬਾਂਹ ਉੱਚੀ ਕਰਕੇ ਸਾਨੂੰ ਵੰਗਾਰ ਰਿਹਾ ਹੈ।

ਕੋਈ ਗੱਲ ਨਹੀਂ ਭਾਅ ਸਰਵਣ ਸਿਆਂ! ਸਾਨੂੰ ਤੇਰੇ ਤੋਂ ਹਾਰ ਜਾਣ ਦੀ ਕੋਈ ਨਮੋਸ਼ੀ ਨਹੀਂ। ਇਸ ਹਾਰ ਵਿਚ ਹੀ ਜਿੱਤ ਦਾ ਅਸਲੀ ਸਵਾਦ ਹੈ। ਤੂੰ ਲਿਖਣ ਦੇ ਮੈਦਾਨ ਵਿਚ ਏਦਾਂ ਹੀ ਮੱਲਾਂ ਮਾਰਦਾ ਰਹੁ। ਜਿੱਤਾਂ ਜਿੱਤਦਾ ਰਹੁ! ਸਾਡੀਆਂ ਦੁਆਵਾਂ ਤੇਰੇ ਨਾਲ ਨੇ!!

## ਟਰੀਲਾਈਨ ਕਲੱਬ ਨੇ ਮਨਾਇਆ ਸੋਸ਼ਲ ਅਵੇਅਰਨੈਸ ਮੇਲਾ



(ਬਰੈਂਪਟਨ-ਹਰਜੀਤ ਬੇਦੀ): ਟਰੀਲਾਈਨ ਫਰੈਂਡਜ਼ ਸੀਨੀਅਰ ਕਲੱਬ ਵਲੋਂ 15 ਅਗਸਤ 2015 ਦਿਨ ਸ਼ਨਿੱਚਰਵਾਰ ਨੂੰ ਸੀਨੀਅਰਜ਼ ਤੇ ਯੂਥ ਨੂੰ ਜਾਗਰਤ ਕਰਨ ਲਈ ਨੌਵਾਂ ਸੋਸ਼ਲ ਅਵੇਅਰਨੈਂਸ ਤੇ ਖੇਡ ਮੇਲਾ ਕਰਵਾਇਆ ਗਿਆ। ਮੇਲੇ ਦੀ ਸ਼ੁਰੂਆਤ ਅਰਦਾਸ ਕਰਨ ਉਪਰੰਤ ਕਲੱਬ ਦੇ ਪ੍ਰਧਾਨ ਜਗਜੀਤ ਸਿੰਘ ਗਰੇਵਾਲ ਵਲੋਂ ਡਾਇਰੈਕਟਰਜ਼ ,ਕਲੱਬ ਮੈਂਬਰਜ ਅਤੇ ਬਾਹਰੋਂ ਆਏ ਮਹਿਮਾਨਾ ਦੀ ਹਾਜਰੀ ਵਿੱਚ ਕਨੇਡਾ ਅਤੇ ਭਾਰਤ ਦੇ ਝੰਡੇ ਝੁਲਾ ਕੇ ਕੀਤੀ ਗਈ । ਇਸ ਉਪਰੰਤ ਕਨੇਡਾ ਦਾ ਕੌਮੀ ਗੀਤ" ਓ ਕਨੇਡਾ" ਅਤੇ ਭਾਰਤ ਦਾ "ਜਨ ਗਨ ਮਨ "ਗਾਏ ਗਏ ।ਇਸ ਤੋਂ ਬਾਦ ਚਾਹ ਪਾਣੀ ਛਕ ਕੇ ਲੋਕ ਪੰਡਾਲ ਵਿੱਚ ਕੁਰਸੀਆਂ ਤੇ ਬਿਰਾਜਮਾਨ ਹੋ ਗਏ ।

ਅਵਤਾਰ ਸਿੰਘ ਅਰਸ਼ੀ ਨੇ ਸਟੇਜ ਸੰਭਾਲਦਿਆਂ ਹੀ ਪ੍ਰਧਾਨ ਜੀ ਨੂੰ ਸਟੇਜ ਤੇ ਆਉਣ ਦਾ ਸੱਦਾ ਦਿੱਤਾ । ਪਰਧਾਨ ਜਗਜੀਤ ਸਿੰਘ ਗਰੇਵਾਲ ਨੇ ਕਲੱਬ ਮੈਂਬਰਾਂ ਅਤੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ।ਬੁਲਾਰਿਆਂ ਵਿੱਚ ਐਸੋਸੀਏਸ਼ਨ ਆਫ ਸੀਨੀਅਰਜ਼ ਦ ੇਪ੍ਰਧਾਨ ਪਰਮਜੀਤ ਬੜਿੰਗ,ਦਲਬੀਰ ਸਿੰਘ ਕੰਬੋਜ,ਡਾ: ਜੀਤ ਸਿੰਘ ਵਿਰਕ,ਸਿਟੀ ਅਵਾਰਡ ਜੇਤੂ ਅਤੇ ਅੰਗਦਾਨ ਮੁਹਿੰਮ ਦੇ ਮੋਹਰੀ ਬਲਵਿੰਦਰ ਬਰਾੜ,ਸੀਨੀਅਰ ਆਗੂ ਅਵਤਾਰ ਸਿੰਘ ਬੈਂਸ, ਭੁਪਿੰਦਰ ਸਿੰਘ ਨੰਦਾ,ਸਤਨਾਮ ਸਿੰਘ ਵਾਸਨ,ਹਰਬੰਸ ਸਿੰਘ ਗਰੇਵਾਲ,ਡਾ: ਗੁਰਮੀਤ ਅਤੇ ਤਾਰਾ ਸਿੰਘ ਗਰਚਾ ਨੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਆਪਣੇ ਵਿਚਾਰ ਪੇਸ਼ ਕੀਤੇ । ਜਗਮੀਤ ਸਿੰਘ ਐਮ ਪੀ ਪੀ,ਕੌਂਸਲਰ ਗੁਰਪ੍ਰੀਤ ਢਿੱਲੋਂ,ਸਕੂਲ ਟਰੱਸਟੀ ਹਰਕੀਰਤ ਸਿੰਘ ਅਤੇ ਜੋਤਵਿੰਦਰ ਸੋਢੀ ਨੇ ਨਵੇਂ ਲਾਗੂ ਹੋ ਰਹੇ ਸੈਕਸ ਸਿਲੇਬਸ ਬਾਰੇ ਆਪਣੇ ਵਿਚਾਰ ਰੱਖੇ । ਬਰੈਂਪਟਨ ਈਸਟ ਤੋਂ ਫੈਡਰਲ ਚੋਣਾਂ ਲੜ ਰਹੇ ਉਮੀਦਵਾਰਾਂ ਰਾਜ ਗਰੇਵਾਲ,ਹਰਬਲਜੀਤ ਕਾਹਲੋਂ ਅਤੇ ਨਵਲ ਬਜਾਜ ਨੇ ਆਪਣੀ ਹਾਜਰੀ ਲੁਆਈ ।ਸਟੇਜ ਪ੍ਰੋਗਰਾਮ ਦੌਰਾਨ ਹਰਜੀਤ ਬੇਦੀ,ਬਖਤਾਵਰ ਸਿੰਘ ਸੰਧੂ,ਅਜਮੇਰ ਸਿੰਘ ਪਰਦੇਸੀ , ਸਰਿੰਦਰ ਸ਼ਰਮਾ, ਕੁੰਢਾ ਸਿੰਘ ਢਿੱਲੋਂ,ਸੁਰਿੰਦਰ ਮਨੋਚਾ,ਗੁਰਦੇਵ ਸਿੰਘ ਰੱਖੜਾ ਅਤੇ ਬਲਬੀਰ ਸਿੰਘ ਚੀਮਾ ਨੇ ਆਪਣੇ ਮਨੋਰੰਜਕ ਅਤੇ ਸੇਧ-ਭਰਪੂਰ ਗੀਤਾਂ ਅਤੇ ਕਵਿਤਾਵਾਂ ਰਾਹੀਂ ਸਰੋਤਿਆਂ ਨਾਲ ਸਾਂਝ ਪਾਈ । ਢਾਡੀ ਜੱਥੇ ਨੇ ਵਾਰਾਂ ਗਾ ਕੇ ਇਤਿਹਾਸ ਨਾਲ ਜੋੜਿਆ ।ਜੋਤੀ ਸ਼ਰਮਾ ਨੇ ਆਪਣੇ ਗੀਤਾਂ ਨਾਲ ਸਭ ਦਾ ਮਨੋਰੰਜਨ ਕੀਤਾ । ਇਸ ਦੌਰਾਨ ਨਾਹਰ ਔਜਲਾ ਤੇ ਉਹਨਾ ਦੀ ਟੀਮ ਵਲੋਂ ਨਾਟਕ "ਕਨੇਡਾ ਦੀ ਧਰਤੀ ਤੇ ਦੇਸੀ ਚੁਗਲੀਆਂ "ਅਤੇ "ਇਹ ਇੱਕ ਸਵਾਲ ਹੈ" ਖੇਡੈ ਗਏ ਜੋ ਇਸ ਮੇਲੇ ਦੀ ਖਿੱਚ ਦਾ ਖਾਸ ਕਾਰਣ ਸਨ । ਇਹਨਾਂ ਮਨੋਰੰਜਕ ਅਤੇ ਚੇਤਨਾ ਭਰਪੂਰ ਨਾਟਕਾਂ ਨੂੰ ਦਰਸ਼ਕਾਂ ਵਲੋਂ ਬਹੁਤ ਸਲਾਹਿਆ ਗਿਆ ।

ਦੂਜੇ ਬੰਨੇ ਤਾਸ਼ ਦੇ ਮੁਕਾਬਲੇ ਚਲਦੇ ਰਹੇ । ਸਟੇਜ ਦੇ ਪ੍ਰੋਗਰਾਮ ਬਾਅਦ ਬੱਚਿਆਂ ,ਸੀਨੀਅਰ ਔਰਤਾਂ ਅਤੇ ਮਰਦਾਂ ਦੇ ਸਪੋਰਟਸ ਮੁਕਾਬਲੇ ਕਰਵਾਏ ਗਏ। ਜੇਤੂਆ ਨੂੰ ਸ਼ਾਨਦਾਰ ਟਰਾਫੀਆ ਇਨਾਮ ਵਜੋਂ ਦਿੱਤੀਆਂ ਗਈਆਂ।ਚਾਹ,ਠੰਡੇ,ਸਮੋਸੇ,ਜਲੇਬੀਅ ਾ,ਪਕੌੜੇ ਅਤੇ ਬਰਫੀ ਦਾ ਲੰਗਰ ਪ੍ਰੋਗਰਾਮ ਦੇ ਅੰਤ ਤੱਕ ਚਲਦਾ ਰਿਹਾ । ਇੱਕ ਹਜਾਰਤੋਂ ਵੱਧ ਮਰਦਾਂ ,ਔਰਤਾਂ,ਨੌਜਵਾਨਾ ਅਤੇ ਬੱਚਿਆਂ ਦਾ ਇਕੱਠ ਪੰਜਾਬ ਦੇ ਕਿਸੇ ਵੱਡੇ ਮੇਲੇ ਦਾ ਦ੍ਰਿਸ਼ ਪੇਸ਼ ਕਰ ਟਿਹਾ ਸੀ । ਕਲੱਬ ਦੇ ਡਾਇਰੈਕਟਰਜ਼ ਅਤੇ ਵਾਲੰਟੀਅਰ ਮਹਿਮਾਨਾ ਦੀ ਸੇਵਾ ਵਿੱਚ ਊਰੀ ਵਾਂਗੂੰ ਘੁਮਦੇ ਰਹੇ। ਵਾਲੰਟੀਅਰ ਬੱਚਿਆਂ ਦਾ ਉਤਸ਼ਾਹ ਦੇਖਣ ਯੋਗ ਸੀ । ਨਿਜੀ ਤੌਰ ਤੇ ਹਰਦੇਵ ਸਿੰਘ ਪਨਾਗ ਵਲੋਂ ਦੁੱਧ ਸੋਡੇ ਅਤੇ ਜਸਵੰਤ ਸਿੰਘ ਸੇਠੀ ਵਲੋਂ ਫਰੂਟ ਦੀ ਸੇਵਾ ਸਾਰਾ ਦਿਨ ਨਿਰਵਿਘਨ ਕੀਤੀ ਗਈ । ਸਭ ਤੋਂ ਵੱਡੀ ਉਮਰ ਦੀ ਬੀਬੀ ਧੰਨ ਕੌਰ ਉਮਰ 103 ਸਾਲ ਬਜੁਰਗ ਗੁਰ-ਬਚਨ ਸਿੰਘ ਅਕਾਲੀ ਉਮਰ 92 ਸਾਲ ਨੂੰ ਕਲੱਬ ਵਲੋਂ ਸਨਮਾਨਿਤ ਕੀਤਾ ਗਿਆ । ਅਵਤਾਰ ਸਿੰਘ ਅਰਸ਼ੀ ਸਟੇਜ ਸਕੱਤਰ ਨੇ ਆਪਣੇ ਸੁਭਾਅ ਮੁਤਾਬਿਕ ਟੋਟਕਿਆਂ ਨਾਲ ਪ੍ਰੋਗਰਾਮ ਨੂੰ ਮਨੋਰੰਜਨ ਭਰਪੂਰ ਬਣਾਈ ਰੱਖਿਆ । ਅੰਤ ਵਿੱਚ ਕਲੱਬ ਮੈਂਬਰਾਂ,ਬਹੁਤ ਸਾਰੇ ਕਲੱਬਾਂ ਦੇ ਪ੍ਰਧਾਨਾ ਤੇ ਉਹਨਾ ਨਾਲ ਆਏ ਸਾਥੀਆਂ ਦਾ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ ਗਿਆ ।